ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ

NDMC
ਪਾਲਿਕਾ ਸਮਾਚਾਰ

ਨਵੀਂ ਦਿੱਲੀ
ਪਾਲਿਕਾ ਸਮਾਚਾਰ
(ਦੋ ਮਾਸਿਕ)
ਸਾਲ 37 ਅੰਕ 7-8
ਜੁਲਾਈ-ਅਗਸਤ 2014

ਸੰਪਾਦਕੀ ਮੰਡਲ

ਸਰਪ੍ਰਸਤ
ਜਲਜ ਸ੍ਰੀਵਾਸਤਵ
ਪ੍ਰਧਾਨ

ਮੁੱਖ ਸੰਪਾਦਕ
ਨਿਖਿਲ ਕੁਮਾਰ

ਉਪ ਮੁੱਖ ਸੰਪਾਦਕ
ਜਗਜੀਵਨ ਬਖਸ਼ੀ

ਪ੍ਰਕਾਸ਼ਕ ਸੰਪਾਦਕ
ਅਨੀਤਾ ਜੋਸ਼ੀ

ਕਾਰਜਕਾਰੀ ਸੰਪਾਦਕ
ਰਵਿੰਦਰ ਨੰਦਾ

ਸਹਾਇਕ ਸੰਪਾਦਕ
ਰੀਮਾ ਕਾਮਰਾ

ਸਹਿਯੋਗ
ਸੁਮਨ ਕੁਮਾਰ

ਮੁੱਲ
ਇਕ ਕਾਪੀ : ₹ 20/- ਰੁ:
ਸਾਲਾਨਾ : ₹ 100/- ਰੁ:
ਪੰਜ ਸਾਲਾਂ ਲਈ : ₹ 400/- ਰੁ:

ਸੰਪਾਦਕੀ

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਆਪਣੇ ਖੇਤਰ ਦੇ ਵਸਨੀਕਾਂ ਦੇ ਸਹਿਯੋਗ ਅਤੇ ਭਾਗੀਦਾਰੀ ਦੇ ਨਾਲ ਜਨ-ਸਿਹਤ ਅਤੇ ਸਫ਼ਾਈ, ਸਿੱਖਿਆ, ਪੀਣ ਦਾ ਪਾਣੀ ਅਤੇ ਚਿਕਿਤਸਾ ਵਰਗੀਆਂ ਮੂਲਭੂਤ ਸੇਵਾਵਾਂ ਬੇਹਤਰ ਰੂਪ ਵਿੱਚ ਪ੍ਰਦਾਨ ਕਰਨ ਵਿੱਚ ਸਦਾ ਆਗੂ ਰਹੀ ਹੈ। ਕਿਸੀ ਵੀ ਦੇਸ਼ ਦੀ ਰਾਜਧਾਨੀ ਉਸ ਦੇਸ਼ ਦੀ ਜਿਉਂਦੀ ਜਾਗਦੀ ਤਸਵੀਰ ਹੁੰਦੀ ਹੈ। ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇਸ਼ ਦੇ ਦੂਜੇ ਅਦਾਰਿਆਂ ਦੇ ਲਈ ਇਕ ਬੇਮਿਸਾਲ ਉਦਾਹਰਣ ਹੈ। ਕਿਸੀ ਵੀ ਸ਼ਹਿਰ ਨੂੰ ਸਾਫ਼, ਸੁੰਦਰ ਅਤੇ ਖ਼ੁਸ਼ਹਾਲ ਬਣਾਉਣ ਦਾ ਕੰਮ ਕੇਵਲ ਸਰਕਾਰੀ ਸੰਸਥਾਵਾਂ ਦਾ ਨਹੀਂ ਹੈ, ਇਸ ਵਿੱਚ ਜਾਗਰੂਕ ਵਸਨੀਕਾਂ ਅਤੇ ਭਲਾਈ ਖੇਤਰ ਵਿੱਚ ਕਾਰਜਰਤ ਸੰਸਥਾਵਾਂ ਦੀ ਵੀ ਬਹੁਤ ਅਹਿਮ ਭੂਮਿਕਾ ਹੁੰਦੀ ਹੈ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਸ਼ਤਾਬਦੀ ਵਰ੍ਹੇ ਵਿੱਚ ਪਰੀਸ਼ਦ ਵੱਲੋਂ ਹਰ ਖੇਤਰ ਵਿੱਚ ਜਿਵੇਂ ਬਿਜਲੀ, ਜਲ-ਪੂਰਤੀ, ਸੀਵਰੇਜ, ਬਾਗ਼ਬਾਨੀ, ਜਨਸਿਹਤ ਅਤੇ ਸਫ਼ਾਈ, ਚਿਕਿਤਸਾ ਸੇਵਾਵਾਂ, ਸਿੱਖਿਆ ਅਤੇ ਸੂਚਨਾ ਟੈਕਨਾਲੋਜੀ ਵਿੱਚ ਅਨੇਕਾਂ ਯੋਜਨਾਵਾਂ ਤੇ ਵਰਣਨਯੋਗ ਕੰਮ ਕੀਤੇ ਜਾ ਰਹੇ ਹਨ। ਜਿਸ ਦੇ ਬਾਰੇ ਵਿੱਚ ਸਮੇਂ-ਸਮੇਂ ਤੇ ਪਰੀਸ਼ਦ ਗਤੀਵਿਧੀਆਂ ਦੇ ਅੰਤਰਗਤ ਦੱਸਿਆ ਜਾਂਦਾ ਰਿਹਾ ਹੈ। ਭਵਿੱਖ ਵਿੱਚ ਵੀ ਪਰੀਸ਼ਦ ਵੱਲੋਂ ਵਿਭਿੰਨ ਨਵੀਆਂ ਪਰਿਯੋਜਨਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ ਜਿਸ ਵਿੱਚ ਕਰਮਚਾਰੀ ਕਲਿਆਣ ਦੇ ਇਲਾਵਾ ਸਮਾਜ ਕਲਿਆਣ ਯੋਜਨਾਵਾਂ ਵੀ ਸ਼ਾਮਲ ਹਨ।

ਕਿਸੇ ਵੀ ਅਦਾਰੇ ਦੇ ਲਈ 100 ਵਰ੍ਹੇ ਪੂਰੇ ਕਰਨਾ ਇਕ ਬਹੁਤ ਵੱਡੀ ਪ੍ਰਾਪਤੀ ਹੁੰਦੀ ਹੈ। ਅੱਜ ਦੇ ਪ੍ਰਗਤੀਸ਼ੀਲ ਯੁਗ ਵਿੱਚ ਬਿਨਾਂਸ਼ੱਕ ਪਰੀਸ਼ਦ ਆਪਣੇ ਖੇਤਰ ਦੇ ਵਸਨੀਕਾਂ ਨੂੰ ਵਿਸ਼ਵ ਪੱਧਰੀ ਸੇਵਾਵਾਂ ਪ੍ਰਦਾਨ ਕਰਨ ਵਿੱਚ ਸਦਾ ਵਚਨਬੱਧ ਰਹੀ ਹੈ। ਆਸ ਕਰਦਾ ਹਾਂ ਕਿ ਭਵਿੱਖ ਵਿੱਚ ਵੀ ਪਰੀਸ਼ਦ ਦੇ ਅਧਿਕਾਰੀਗਣ ਅਤੇ ਕਰਮਚਾਰੀ ਸਮਰਪਿਤ ਭਾਵਨਾਵਾਂ ਦੇ ਨਾਲ ਸ੍ਰੇਸ਼ਠ ਪੱਧਰ ਦੀਆਂ ਸੇਵਾਵਾਂ ਪ੍ਰਦਾਨ ਕਰਕੇ ਇਕ ਆਦਰਸ਼ ਸਥਾਪਤ ਕਰਨਗੇ।

ਮੁੱਖ ਸੰਪਾਦਕ

ਇਸ ਅੰਕ ਵਿੱਚ

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਨਵੇਂ ਸਕੱਤਰ ਸ੍ਰੀ ਨਿਖਿਲ ਕੁਮਾਰ (ਆਈ.ਏ.ਐੱਸ.)	3	-----
ਨਵੀਂ ਦਿੱਲੀ ਵਿੱਚ ਵਿਕਾਸ ਦੇ ਨਵੇਂ ਵਿਸਥਾਰ	4	ਜਗਜੀਵਨ ਬਖਸ਼ੀ
ਪਰੀਸ਼ਦ ਗਤੀਵਿਧੀਆਂ	7	-----
ਚੌਂਹਮੁਖੀਆ ਚਿਰਾਗ਼ : ਭਾਪਾ ਪ੍ਰੀਤਮ ਸਿੰਘ *(ਸ਼ਤਾਬਦੀ ਵਰ੍ਹੇ ਤੇ ਵਿਸ਼ੇਸ਼)*	10	ਡਾ. ਮਹਿੰਦਰ ਕੌਰ ਗਿੱਲ
ਸਾਵਣ ਤੇ ਵਿਸ਼ੇਸ਼ : ਗੀਤ ਅਤੇ ਗ਼ਜ਼ਲ	12	ਬਲਵਿੰਦਰ 'ਬਾਲਮ'
ਸਾਈਕਲ ਦੀ ਸਵਾਰੀ (ਕਹਾਣੀ)	13	ਹਰਭਜਨ ਸਿੰਘ
ਗ਼ਜ਼ਲ	16	ਜਸਵਿੰਦਰ ਸਿੰਘ 'ਰੂਪਾਲ'
ਕਿੰਝ ਮਿਲੀ ਸਾਨੂੰ ਆਜ਼ਾਦੀ(ਗੀਤ)	17	ਬਲਵਿੰਦਰ 'ਬਾਲਮ'
ਕਵਿਤਾ ਦੇ ਰੰਗ ਅੰਮ੍ਰਿਤਾ ਪ੍ਰੀਤਮ ਦੇ ਸੰਗ *(ਜਨਮ ਦਿਵਸ ਤੇ ਵਿਸ਼ੇਸ਼)*	18	------
ਖ਼ੁਸ਼ਕ ਥਲ ਤੇ ਕੁਝ ਕ਼ਤਏ	20	ਮੋਹਨ ਸਿੰਘ ਬੈਰੀ
ਰਾਜੇ ਦੀਆਂ ਬੇਟੀਆਂ (ਬਾਲ ਕਹਾਣੀ)	21	ਤਰਸੇਮ
ਬਾਲ ਕਵਿਤਾ : ਰੁੱਖ	22	ਰਮਨਦੀਪ ਗਿੱਲ
ਦੋ ਬਾਲ ਕਵਿਤਾਵਾਂ	23	ਪ੍ਰੋ. ਸੁਲੱਖਣ ਮੀਤ
5 ਰੁਬਾਈਆਂ	24	ਪ੍ਰਿੰ. ਨਵਰਾਹੀ ਘੁਗਿਆਣਵੀ

ਇਸ ਅੰਕ ਵਿੱਚ ਛਪੇ ਵਿਚਾਰਾਂ ਨਾਲ ਸੰਪਾਦਕੀ ਮੰਡਲ, ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਰਚਨਾਵਾਂ ਵਿੱਚ ਸੋਧ, ਕਾਂਟ-ਛਾਂਟ ਆਦਿਕ ਕਰਨ ਦਾ ਪੂਰਾ ਅਧਿਕਾਰ ਹੈ। ਕਿਸੇ ਵੀ ਤਰ੍ਹਾਂ ਦੇ ਵਿਵਾਦ ਦਾ ਜੁਡੀਸ਼ਲ ਖੇਤਰ ਨਵੀਂ ਦਿੱਲੀ ਹੋਵੇਗਾ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਲਈ ਅਨੀਤਾ ਜੋਸ਼ੀ ਦੁਆਰਾ ਪ੍ਰਕਾਸ਼ਿਤ ਅਤੇ ਨੂਤਨ ਪ੍ਰਿੰਟਰਜ਼, ਐਫ-89/12, ਓਖਲਾ ਇੰਡਸਟ੍ਰੀਅਲ ਏਰੀਆ ਫੇਜ਼-I, ਨਵੀਂ ਦਿੱਲੀ- 110020 ਤੋਂ ਛਪੀ। (ਫ਼ੋਨ : 26817055)

ਸੰਪਰਕ ਸੂਤਰ : ਸੰਪਾਦਕ, ਪਾਲਿਕਾ ਸਮਾਚਾਰ (ਦੋ ਮਾਸਿਕ), ਕਮਰਾ ਨੰ: 1209, ਬਾਰ੍ਹਵੀਂ ਮੰਜ਼ਿਲ, ਪਾਲਿਕਾ ਕੇਂਦਰ, ਨਵੀਂ ਦਿੱਲੀ-110001

ਫ਼ੋਨ : 41501354-70/3209 ਵੈਬਸਾਈਟ : www.ndmc.gov.in

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਨਵੇਂ ਸਕੱਤਰ

ਸ੍ਰੀ ਨਿਖਿਲ ਕੁਮਾਰ (ਆਈ.ਏ.ਐੱਸ.)

ਸ੍ਰੀ ਨਿਖਿਲ ਕੁਮਾਰ ਨੇ ਮਿਤੀ 2 ਜੂਨ, 2014 ਨੂੰ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਸਕੱਤਰ ਦਾ ਕਾਰਜਭਾਰ ਸੰਭਾਲਿਆ।

ਆਪ ਜੀ ਦਾ ਜਨਮ ਮਿਤੀ 13 ਅਗਸਤ, 1976 ਨੂੰ ਦਿੱਲੀ ਵਿੱਚ ਹੋਇਆ। ਮੁੱਢਲੀ ਸਿੱਖਿਆ ਵਿਧਾਨ ਚੰਦਰਾ ਸਕੂਲ, ਮੋਤੀ ਬਾਗ਼ ਮਾਉਂਟ ਕਾਰਮਲ ਸਕੂਲ, ਆਨੰਦ ਨਿਕੇਤਨ ਤੋਂ ਪ੍ਰਾਪਤ ਕੀਤੀ ਅਤੇ ਬੀ.ਏ. ਸ੍ਰੀ ਵੇਂਕਟੇਸ਼ਵਰ ਕਾਲਜ ਤੋਂ ਅਤੇ ਬਾਇਉ-ਟੈਕਨਾਲੋਜੀ ਵਿਸ਼ੇ ਵਿੱਚ ਐੱਮ.ਏ. ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵਿੱਚ ਸਕੱਤਰ ਦੇ ਅਹੁਦੇ ਤੇ ਬਹਿਣ ਤੋਂ ਪਹਿਲੇ ਆਪ ਦਿੱਲੀ ਸਰਕਾਰ ਵਿੱਚ ਡਿਪਟੀ ਕਮਿਸ਼ਨਰ (ਸਾਊਥ ਵੈਸਟ ਦਿੱਲੀ), ਮਿਜ਼ੋਰਮ ਸਰਕਾਰ ਵਿੱਚ ਸਕੱਤਰ (ਵਪਾਰ ਅਤੇ ਵਣਜ, ਲੇਬਰ, ਸਾਰਵਜਨਿਕ ਸਿਹਤ, ਵਿਜ਼ੀਲੈਂਸ), ਗੋਆ ਸਰਕਾਰ ਵਿੱਚ ਡਿਸਟ੍ਰਿਕਟ ਮੈਜਿਸਟ੍ਰੇਟ, ਨਾਰਥ ਗੋਆ ਅਤੇ ਗੋਆ ਦੇ ਰਾਜਪਾਲ ਦੇ ਸਕੱਤਰ ਵਰਗੇ ਪ੍ਰਮੁੱਖ ਪ੍ਰਸ਼ਾਸਨਿਕ ਅਹੁਦਿਆਂ ਤੇ ਕੰਮ ਕਰ ਚੁੱਕੇ ਹਨ।

ਸ੍ਰੀ ਨਿਖਿਲ ਕੁਮਾਰ ਸਾਲ 2010, 2012 ਅਤੇ 2014 ਵਿੱਚ ਸਰਕਾਰੀ ਕਾਰਜਾਂ ਲਈ ਵਿਦੇਸ਼ ਯਾਤਰਾ ਵੀ ਕਰ ਚੁੱਕੇ ਹਨ।

ਆਪ ਜੀ ਨੂੰ ਪੜ੍ਹਨ, ਖੇਡਾਂ, ਸੰਗੀਤ (ਗ਼ਜ਼ਲ), ਆਂਤਰਿਕ ਸੁਰੱਖਿਆ ਅਤੇ ਅੰਤਰਰਾਸ਼ਟਰੀ ਗਤੀ-ਵਿਧੀਆਂ ਵਿੱਚ ਵਿਸ਼ੇਸ਼ ਰੁਚੀ ਹੈ।

ਸ਼ਾਂਤ, ਗੰਭੀਰ ਅਤੇ ਕੋਮਲ ਵਿਅਕਤਿਤਵ ਦੇ ਧਨੀ ਸ੍ਰੀ ਨਿਖਿਲ ਕੁਮਾਰ ਜਟਿਲ ਤੋਂ ਜਟਿਲ ਮਾਮਲਿਆਂ ਵਿੱਚ ਵੀ ਤਹਿ ਵਿੱਚ ਜਾ ਕੇ ਜਲਦੀ ਫ਼ੈਸਲਾ ਲੈਣ ਅਤੇ ਕੰਮ ਨੂੰ ਨਿਪਟਾਉਣ ਦੀ ਅਦੁੱਤੀ ਸ਼ਮਤਾ ਰੱਖਦੇ ਹਨ। ਸੰਪਰਕ ਵਿੱਚ ਆਉਣ ਵਾਲੇ ਸਾਰੇ ਵਸਨੀਕਾਂ ਅਤੇ ਪਰੀਸ਼ਦ ਕਰਮਚਾਰੀਆਂ ਤੇ ਆਪਣੀ ਕੋਮਲਤਾ ਦੀ ਗਹਿਰੀ ਛਾਪ ਛੱਡਦੇ ਹਨ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਆਪਣੇ ਖੇਤਰ ਦੇ ਸਾਰੇ ਵਸਨੀਕਾਂ/ਵਿਦੇਸ਼ੀ ਰਾਜਨੀਤਕਾਂ ਅਤੇ ਖੇਤਰ ਵਿੱਚ ਕਾਰਜਰਤ ਸਾਰੇ ਵਪਾਰੀਆਂ ਨੂੰ ਸ੍ਰੀ ਨਿਖਿਲ ਕੁਮਾਰ ਤੋਂ ਬੇਹਤਰ ਨਾਗਰਿਕ ਸਹੂਲਤਾਂ ਦੀਆਂ ਅਨੇਕਾਂ ਉਮੀਦਾਂ ਹਨ ਅਤੇ ਆਸ ਹੈ ਕਿ ਉਹ ਆਪਣੇ ਕਾਰਜਕਾਲ ਦੇ ਦੌਰਾਨ ਅਦੁੱਤੀ ਕਾਰਜ-ਕੁਸ਼ਲਤਾ ਅਤੇ ਸ਼ਮਤਾ ਨਾਲ ਅਨੇਕਾਂ ਕੀਰਤੀਮਾਨ ਸਥਾਪਤ ਕਰਨਗੇ। o

ਨਵੀਂ ਦਿੱਲੀ ਵਿੱਚ ਵਿਕਾਸ ਦੇ ਨਵੇਂ ਵਿਸਥਾਰ

ਜਗਜੀਵਨ ਬਖਸ਼ੀ

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦਾ ਇਹ ਸ਼ਤਾਬਦੀ ਵਰ੍ਹਾ ਹੈ। ਕਿਸੇ ਵੀ ਅਦਾਰੇ ਦੇ ਇਤਿਹਾਸ ਵਿੱਚ ਉਸ ਦੇ 100 ਵਰ੍ਹੇ ਗੌਰਵਸ਼ਾਲੀ ਇਤਿਹਾਸ ਦੇ ਨਾਲ ਪੂਰਨ ਹੋਣਾ ਇਕ ਮਹੱਤਵਪੂਰਣ ਪ੍ਰਾਪਤੀ ਹੁੰਦੀ ਹੈ। ਇਹ ਸ਼ਤਾਬਦੀ ਵਰ੍ਹਾ ਪਰੀਸ਼ਦ ਲਈ ਸ਼ਦਾਬਦੀ ਸਮਾਰੋਹਾਂ ਦੇ ਇਲਾਵਾ ਹੋਰ ਬਹੁਤ ਵੱਡੀਆਂ-ਵੱਡੀਆਂ ਪ੍ਰਾਪਤੀਆਂ ਦਾ ਵਰ੍ਹਾ ਵੀ ਰਿਹਾ ਹੈ।

ਪਿਛਲੀ 15 ਅਗਸਤ ਨੂੰ ਪਾਲਿਕਾ ਹੈੱਡ ਆਫ਼ਿਸ ਵਿੱਚ ਤਿਰੰਗਾ ਝੁਲਾਉਣ ਤੋਂ ਬਾਅਦ ਪਰੀਸ਼ਦ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ ਨੇ ਆਪਣੇ ਸੰਦੇਸ਼ ਵਿੱਚ ਕਿਹਾ ਸੀ ਕਿ ਕਰਮਚਾਰੀਆਂ ਦਾ ਕਲਿਆਣ ਉਨ੍ਹਾਂ ਦੀ ਪ੍ਰਾਥਮਿਕਤਾ ਰਹੇਗੀ, ਜੇਕਰ ਕਰਮਚਾਰੀ ਨਿਰਾਸ਼ ਹੋਣਗੇ ਤਾਂ ਉਨ੍ਹਾਂ ਤੋਂ ਸੇਵਾ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ। ਇਸ ਦਿਸ਼ਾ ਵਿੱਚ ਕਰਮਚਾਰੀਆਂ ਦੇ ਕਲਿਆਣ ਦੇ ਲਈ ਕਈ ਕਦਮ ਚੁੱਕੇ ਗਏ ਹਨ।

ਵਰਤਮਾਨ ਪ੍ਰਧਾਨ, ਸ੍ਰੀ ਜਲਜ ਸ੍ਰੀਵਾਸਤਵ ਦੀ ਪਹਿਲ ਅਤੇ ਮਾਰਗਦਰਸ਼ਨ ਤੇ ਜਨ ਕਲਿਆਣ ਦੀਆਂ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ।

ਦਿੱਲੀ ਵਿੱਚ ਬਿਜਲੀ ਦੀ ਸਮੱਸਿਆ ਨੂੰ ਦੂਰ ਕਰਨ ਦੀ ਦਿਸ਼ਾ ਵਿੱਚ ਗ਼ੈਰ-ਪਰੰਪਰਕ ਊਰਜਾ-ਸ੍ਰੋਤਾਂ ਦੀ ਵਰਤੋਂ ਕਰਕੇ ਊਰਜਾ ਉਤਪਾਦਨ ਕਰਨ ਦੇ ਲਈ ਨਗਰ ਪਾਲਿਕਾ ਪਰੀਸ਼ਦ ਨੇ ਸੌਰ ਊਰਜਾ ਉਤਪਾਦਨ ਅਤੇ ਕੂੜੇ ਤੋਂ ਬਿਜਲੀ ਬਣਾਉਣ ਦੀ ਪਰਿਯੋਜਨਾ ਦੀ ਵੀ ਸ਼ੁਰੂਆਤ ਕੀਤੀ ਹੈ। ਨਵੀਂ ਦਿੱਲੀ ਨੂੰ ਦੇਸ਼ ਦਾ ਪਹਿਲਾ ਸੌਰ-ਊਰਜਾ ਨਗਰ ਬਣਾਉਣ ਦੀ ਯੋਜਨਾ ਦੇ ਅੰਤਰਗਤ ਭਾਰਤੀ ਸੌਰ ਊਰਜਾ ਨਿਗਮ ਦੇ ਨਾਲ ਇਕ ਸਮਝੌਤਾ ਕੀਤਾ ਗਿਆ ਹੈ। ਹੁਣ ਸਾਰੀਆਂ ਵੱਡੀਆਂ ਇਮਾਰਤਾਂ, ਜਿਵੇਂ ਸਕੂਲਾਂ, ਹਸਪਤਾਲਾਂ, ਮਾਰਕੀਟਾਂ ਅਤੇ ਆਫ਼ਿਸਾਂ ਦੀਆਂ ਛੱਤਾਂ ਤੇ ਫੋਟੋਵੋਲਟਿਕ ਬਿਜਲੀ ਉਤਪਾਦਨ ਦੇ ਲਈ ਵਿਸ਼ਾਲ ਪਰਿਯੋਜਨਾ ਰਿਪੋਰਟ ਤਿਆਰ ਕਰ ਲਈ ਗਈ ਹੈ ਅਤੇ ਜਲਦੀ ਹੀ ਸੌਰ ਊਰਜਾ ਉਤਪਾਦਨ ਸ਼ੁਰੂ ਹੋ ਜਾਵੇਗਾ। ਇਸ ਦੇ ਲਈ ਇਕ ਪ੍ਰਾਈਵੇਟ ਆਪਰੇਟਰ ਵੀ ਨਿਯੁਕਤ ਕੀਤਾ ਜਾਵੇਗਾ ਜੋ ਕਿਰਾਏ ਤੇ ਹੋਰ ਸਰਕਾਰੀ ਅਤੇ ਗ਼ੈਰ-ਸਰਕਾਰੀ ਭਵਨਾਂ ਦੀਆਂ ਛੱਤਾਂ ਕਿਰਾਏ ਤੇ ਲਵੇਗਾ ਜਿਨ੍ਹਾਂ ਤੇ ਸੌਰ ਊਰਜਾ ਸੰਯੰਤਰ ਲਗਾਏ ਜਾਣਗੇ ਅਤੇ ਉਨ੍ਹਾਂ ਤੋਂ ਉਤਪਾਦਿਤ ਬਿਜਲੀ ਪਰੀਸ਼ਦ ਦੀ ਗ੍ਰਿਡ ਵਿੱਚ ਜਾਵੇਗੀ। ਇਸ ਤੋਂ ਪਹਿਲਾਂ ਕੂੜੇ ਤੋਂ ਬਿਜਲੀ ਬਣਾਉਣ ਵਾਲਾ ਇਕ ਸੰਯੰਤਰ ਓਖਲਾ ਵਿੱਚ ਸਥਾਪਤ ਕੀਤਾ ਜਾ ਚੁੱਕਿਆ ਹੈ ਜੋ ਬਿਜਲੀ ਉਤਪਾਦਨ ਦੇ ਨਾਲ-ਨਾਲ ਪਾਲਿਕਾ ਪਰੀਸ਼ਦ ਦੇ ਠੋਸ ਕੂੜੇ ਦੇ ਨਿਪਟਾਰੇ ਦਾ ਵੀ ਇਕ ਵਾਜਬ ਸਾਧਨ ਬਣਿਆ ਹੋਇਆ ਹੈ।

ਵਸਨੀਕਾਂ ਦੀ ਸੁਵਿਧਾ ਦੇ ਲਈ ਅਤੇ ਪਾਣੀ ਦੀ ਕਿੱਲਤ ਨੂੰ ਦੂਰ ਕਰਨ ਦੀ ਦਿਸ਼ਾ ਵਿੱਚ ਪਾਲਿਕਾ ਪਰੀਸ਼ਦ ਨੇ 'ਵਾਟਰ-ਏ.ਟੀ.ਐੱਮ.' ਲਗਾਉਣ ਦਾ ਫ਼ੈਸਲਾ ਵੀ ਲਿਆ ਹੈ ਜੋ ਪੈਸੇ ਦੇ ਕੇ ਕੋਈ ਵੀ ਵਸਨੀਕ ਇਸਤੇਮਾਲ ਕਰ ਸਕੇਗਾ। ਪਾਲਿਕਾ ਪਰੀਸ਼ਦ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਲਈ ਇਹ ਸੇਵਾ ਫ੍ਰੀ ਹੋਵੇਗੀ। ਇਸ ਸੁਵਿਧਾ ਦਾ ਫ਼ਾਇਦਾ ਵਸਨੀਕ ਇਕ ਟੋਕਨ ਜਾਂ ਕਾਰਡ ਖ਼ਰੀਦ ਕੇ ਇਸਤੇਮਾਲ ਕਰ ਸਕਦੇ ਹਨ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ ਇਕ ਸਟੇਟ ਆਫ਼ ਆਰਟ — 'ਕਾਲ ਸੈਂਟਰ ਅਤੇ ਕੰਟਰੋਲ

ਰੂਮ' ਦੀ ਸ਼ੁਰੂਆਤ ਮੈਸਰਜ਼ ਆਈ.ਸੀ.ਐੱਸ. ਆਈ.ਐੱਲ. (ਭਾਰਤ ਸਰਕਾਰ ਦਾ ਉਪਕ੍ਰਮ) ਦੇ ਨਾਲ ਮਿਲ ਕੇ ਕੀਤੀ ਹੈ। ਇਹ ਸੁਵਿਧਾ ਵਸਨੀਕਾਂ ਅਨੁਕੂਲ ਹੈ ਅਤੇ ਹਰ ਤਰ੍ਹਾਂ ਦੀਆਂ ਸ਼ਿਕਾਇਤਾਂ ਜਿਵੇਂ ਪਾਣੀ, ਬਿਜਲੀ, ਸਿਹਤ ਅਤੇ ਸਫ਼ਾਈ, ਸੀਵਰੇਜ, ਬਾਗ਼ਬਾਨੀ, ਜਲ ਭਰਾਵ, ਟੁੱਟੀਆਂ ਸੜਕਾਂ, ਸਟਰੀਟ ਲਾਈਟ ਦਾ ਰੱਖ-ਰਖਾਵ, ਨਾਜਾਇਜ਼ ਨਿਰਮਾਣ ਅਤੇ ਹੋਰ ਤਰ੍ਹਾਂ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਕਾਬਿਲ ਹਨ। ਇਹ ਕਾਲ ਸੈਂਟਰ 24 ਘੰਟੇ ਕੰਮ ਕਰ ਰਿਹਾ ਹੈ। ਕਾਲ ਸੈਂਟਰ ਐੱਸ.ਐੱਮ.ਐੱਸ. ਸਮੇਤ ਕਾਲਰਸ/ ਸ਼ਿਕਾਇਤਾਂ ਕਰਤਾ ਕਾਲ ਕਰਨ ਦੇ ਲਈ ਗਾਹਕਾਂ ਦੇ ਸਵਾਲਾਂ, ਸ਼ਿਕਾਇਤਾਂ ਅਤੇ ਪ੍ਰਤਿਕ੍ਰਿਆ ਕਾਲ ਨਿਪਟਾਰੇ ਦੇ ਲਈ ਵੀ ਕੰਮ ਕਰ ਰਿਹਾ ਹੈ।

ਨਵੀਂ ਦਿੱਲੀ ਖੇਤਰ ਵਿੱਚ ਭਵਨਾਂ ਦੇ ਨਿਰਮਾਣ ਤੋਂ ਪਹਿਲੇ ਨਕਸ਼ਿਆਂ ਦੀ ਸਹਿਮਤੀ ਦਾ ਇੰਤਜ਼ਾਮ ਵੀ ਹੁਣ ਆੱਨ-ਲਾਈਨ ਕੀਤਾ ਜਾ ਚੁੱਕਿਆ ਹੈ। ਇਸ ਸੁਵਿਧਾ ਨਾਲ ਨਵੀਂ ਦਿੱਲੀ ਖੇਤਰ ਦੇ ਸਾਰੇ ਉਨ੍ਹਾਂ ਵਸਨੀਕਾਂ ਨੂੰ ਘਰ ਬੈਠੇ ਆਪਣੇ ਭਵਨ ਨਿਰਮਾਣ ਨਕਸ਼ਿਆਂ ਦੀ ਸਹਿਮਤੀ ਦਾ ਫ਼ਾਇਦਾ ਮਿਲ ਰਿਹਾ ਹੈ, ਜੋ ਨਵਾਂ ਨਿਰਮਾਣ, ਦੁਬਾਰਾ ਨਿਰਮਾਣ, ਨਿਰਮਾਣ ਵਿੱਚ ਬਦਲਾਵ ਅਤੇ ਹੋਰ ਨਿਰਮਾਣ ਕਰਨਾ ਚਾਹੁੰਦੇ ਹਨ।

ਪਾਲਿਕਾ ਪਰੀਸ਼ਦ ਦੇ ਇਤਿਹਾਸ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਇਕ ਨਵੇਂ ਯੁਗ ਦਾ ਸੂਤਰਪਾਤ ਕਰਦੇ ਹੋਏ ਟ੍ਰਾਂਸਪੇਰੈਂਸੀ ਇੰਟਰਨੈਸ਼ਨਲ ਇੰਡੀਆ ਦੇ ਨਾਲ ਇਕ ਸਮਝੌਤੇ ਤੇ ਹਸਤਾਖ਼ਰ ਕੀਤੇ ਗਏ ਹਨ। ਇਸ ਸੱਤਿਆ- ਨਿਸ਼ਠਾ ਸਮਝੌਤਾ ਪ੍ਰੋਗਰਾਮ ਦੇ ਅੰਤਰਗਤ ਪਾਲਿਕਾ ਪਰੀਸ਼ਦ ਦੇ ਸਾਰੇ ਕਾਰਜਕਲਾਪਾਂ ਵਿੱਚ ਨੈਤਿਕ ਚਲਨ ਦੇ ਦਿਸ਼ਾ-ਨਿਰਦੇਸ਼ਾਂ ਦੀ ਪ੍ਰਣਾਲੀ ਨੂੰ ਅਪਨਾਉਂਦੇ ਹੋਏ ਪਾਰਦਰਸ਼ਤਾ ਅਤੇ ਭ੍ਰਿਸ਼ਟਾਚਾਰ-ਮੁਕਤ ਸੇਵਾਵਾਂ ਪ੍ਰਦਾਨ ਕਰਨਾ ਪੱਕਿਆ ਕੀਤਾ ਜਾਵੇਗਾ।

ਸਮਾਜ ਕਲਿਆਣ ਦੀ ਦਿਸ਼ਾ ਵਿੱਚ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ ਇਕ ਪ੍ਰਯੋਗ ਸ਼ੁਰੂ ਕੀਤਾ ਹੈ। ਇਸ 'ਊਰਜਾ' ਨਾਮ ਨਾਲ ਔਰਤਾਂ ਨੂੰ ਆਤਮ-ਨਿਰਭਰ ਬਣਾਉਣ ਦੇ ਲਈ ਪ੍ਰਸਿੱਧੀ ਮਿਲ ਰਹੀ ਹੈ। ਦੁਖੀ, ਉਪੇਖਿਤ ਅਤੇ ਬੇਸਹਾਰਾ ਔਰਤਾਂ ਨੂੰ ਕਿਸੀ ਸਨਮਾਨਜਨਕ ਰੋਜ਼ਗਾਰ ਮਿਲਣ ਦੇ ਲਈ ਇਸ ਪਰਿਯੋਜਨਾ ਨੂੰ 'ਊਰਜਾ' ਨਾਮ ਨਾਲ ਸ਼ੁਰੂ ਕੀਤਾ ਗਿਆ ਹੈ। ਇਨ੍ਹਾਂ ਔਰਤਾਂ ਨੂੰ ਟ੍ਰੇਂਡ ਕਰਕੇ ਇਕ ਅਜਿਹਾ ਰਸੋਈਘਰ ਉਪਲਬਧ ਕਰਾਇਆ ਗਿਆ ਹੈ ਜਿਸ ਵਿੱਚ ਇਹ ਕਰਮਚਾਰੀਆਂ ਦੇ ਲਈ ਦੁਪਹਿਰ ਦਾ ਭੋਜਨ ਪਕਾ ਕੇ ਉਨ੍ਹਾਂ ਦੇ ਆਫ਼ਿਸ ਵਿੱਚ ਟਿਫਨ ਦੇ ਰੂਪ ਵਿੱਚ ਘੱਟ ਤੋਂ ਘੱਟ ਦਰਾਂ ਤੇ ਪਰੋਸਿਆ ਜਾ ਸਕੇ। ਇਸ ਪਰਿਯੋਜਨਾ ਦਾ ਪਹਿਲਾ ਚਰਣ ਪਾਲਿਕਾ ਕੇਂਦਰ ਵਿੱਚ ਸਫ਼ਲਤਾ ਦੀ ਸਿਖਰ ਤੇ ਹੈ।

ਸਮਾਜ ਕਲਿਆਣ ਦੇ ਹੋਰ ਖੇਤਰਾਂ ਵਿੱਚ ਵੀ ਪਹਿਲ ਕੀਤੀ ਗਈ ਹੈ, ਜਿਨ੍ਹਾਂ ਵਿੱਚ ਕਾਲੀ ਬਾੜੀ ਖੇਤਰ ਵਿੱਚ ਬਜ਼ੁਰਗਾਂ ਦੇ ਰਹਿਣ ਦੇ ਲਈ 'ਓਲਡ ਏਜ ਹੋਮ' ਦੀ ਨੀਂਹ ਰੱਖੀ ਜਾ ਚੁੱਕੀ ਹੈ ਅਤੇ ਕੁਝ ਹੀ ਮਹੀਨਿਆਂ ਵਿੱਚ ਇਹ ਸ਼ੁਰੂ ਹੋ ਜਾਵੇਗਾ। ਬਾਬਰ ਰੋਡ ਸਥਿਤ ਸਮੂਹਿਕ ਕੇਂਦਰ ਨੂੰ ਪੁਨਰ-ਵਿਕਸਿਤ ਕਰਦੇ ਸਮੇਂ ਉੱਥੇ ਸੀਨੀਅਰ ਸਿਟੀਜ਼ਨਾਂ ਦੇ ਲਈ ਇਕ ਸੀਨੀਅਰ ਸਿਟੀਜ਼ਨ ਮਨੋਰੰਜਨ ਕੇਂਦਰ ਦੀ ਵੀ ਸਥਾਪਨਾ ਕੀਤੀ ਗਈ ਹੈ।

ਪਾਲਿਕਾ ਜੱਚਾ-ਬੱਚਾ ਹਸਪਤਾਲ, ਲੋਧੀ ਕਾਲੋਨੀ ਦਾ ਨਿਰਮਾਣ ਹੁਣ ਆਬਾਦੀ ਵਿੱਚ ਲਗਾਤਾਰ ਬੜੋਤਰੀ ਨੂੰ ਵੇਖਦੇ ਹੋਏ ਪੁਨਰ-ਵਿਕਸਿਤ ਅਤੇ ਉੱਨਤ ਕਰਕੇ 65 ਬਿਸਤਰਿਆਂ ਦੀ ਸ਼ਮਤਾ ਵਾਲਾ ਬਣਾ ਦਿੱਤਾ ਗਿਆ ਹੈ।

ਨਵੀਂ ਦਿੱਲੀ ਖੇਤਰ ਦੀਆਂ ਸਾਰੀਆਂ ਝੁੱਗੀ-ਝੋਪੜੀ ਬਸਤੀਆਂ ਵਿੱਚ ਵਿਸ਼ੇਸ਼ ਜਾਂਚ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜੋ ਲਗਭਗ 6 ਮਹੀਨਿਆਂ ਤੱਕ ਚੱਲੇਗਾ। ਇਸ ਦੌਰਾਨ ਝੁੱਗੀ-ਝੋਪੜੀ ਵਿੱਚ ਰਹਿਣ ਵਾਲੇ ਛੋਟੇ ਬੱਚਿਆਂ, ਗਰਭਵਤੀ ਔਰਤਾਂ, ਦੁੱਧ ਪਿਲਾਉਣ ਵਾਲੀਆਂ ਮਾਂਵਾਂ ਅਤੇ ਹੋਰ ਸਾਰੇ ਵਿਅਕਤੀਆਂ ਦੀ

ਸਿਹਤ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਵਿੱਚ ਉਨ੍ਹਾਂ ਦੇ ਪੋਸ਼ਣ, ਰਹਿਣ-ਸਹਿਣ ਅਤੇ ਕਾਰਜਸ਼ੈਲੀ ਨਾਲ ਜੁੜੀਆਂ ਬਿਮਾਰੀਆਂ ਦਾ ਪਤਾ ਲਗਾ ਕੇ, ਉਨ੍ਹਾਂ ਦੇ ਲਈ ਠੀਕ ਇਲਾਜ ਉਪਲਬਧ ਕਰਾਇਆ ਜਾ ਰਿਹਾ ਹੈ।

ਨਵੀਂ ਦਿੱਲੀ ਖੇਤਰ ਵਿੱਚ ਵਪਾਰ ਨੂੰ ਵਧਾਉਣ ਅਤੇ ਤਕਨੀਕ ਦੀਆਂ ਉੱਨਤ ਸੇਵਾਵਾਂ ਨੂੰ ਲੋਕਾਂ ਦੇ ਪ੍ਰਯੋਗ ਦੇ ਲਈ ਉਪਲਬਧ ਕਰਾਉਣ ਦੀ ਕੜੀ ਵਿੱਚ ਫ੍ਰੀ ਵਾਈ-ਫਾਈ ਸੇਵਾ ਦੀ ਪਹਿਲ ਕਰਨ ਵਾਲਾ ਇਹ ਦੇਸ਼ ਦਾ ਪਹਿਲਾ ਅਦਾਰਾ ਹੋਵੇਗਾ। ਫਿਲਹਾਲ ਕਨਾਟ ਪਲੇਸ ਅਤੇ ਖ਼ਾਨ ਮਾਰਕੀਟ ਵਿੱਚ ਇਸ ਸੇਵਾ ਦੀ ਸ਼ੁਰੂਆਤ ਕੀਤੀ ਜਾ ਚੁੱਕੀ ਹੈ। ਇਸ ਵਾਈ-ਫਾਈ ਸੇਵਾ ਦੇ ਅੰਤਰਗਤ ਵਿਆਪਕ ਰੂਪ ਨਾਲ 24 ਘੰਟੇ ਦੀ ਅਵਧੀ ਦੇ ਅੰਦਰ ਪਹਿਲੇ 15 ਮਿੰਟ ਦਾ ਡਾਊਨਲੋਡ ਫ੍ਰੀ ਹੋਵੇਗਾ। ਇਸ ਦਾ ਮਕਸਦ ਸਾਰਵਜਨਕ ਸੇਵਾਵਾਂ, ਸਮੂਹਿਕ ਸੇਵਾਵਾਂ, ਨਗਰ ਪਾਲਿਕਾ ਆੱਨਲਾਈਨ ਸੇਵਾਵਾਂ ਅਤੇ ਆਪਾਤਕਾਲੀਨ ਸੰਬੰਧਿਤ ਸੂਚਨਾ ਤੱਕ ਨਾਗਰਿਕਾਂ ਦੀ ਪਹੁੰਚ ਬਣਾਉਣਾ ਹੈ।

ਸ਼ਤਾਬਦੀ ਸਮਾਰੋਹ :—ਸ਼ਤਾਬਦੀ ਵਰ੍ਹਾ ਸਮਾਰੋਹ ਦੀ ਸ਼ੁਰੂਆਤ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ ਦਿੱਲੀ ਦੀ ਜਨਤਾ ਨੂੰ ਦਿੱਲੀ ਦਾ ਦਿਲ ਕਹੇ ਜਾਣ ਵਾਲੇ ਕਨਾਟ ਪਲੇਸ ਦਾ ਪੁਨਰ-ਵਿਕਸਿਤ ਰੂਪ ਸੌਗਾਤ ਵਿੱਚ ਸੌਂਪਣਾ ਰਿਹਾ। ਕਨਾਟ ਪਲੇਸ ਦੇ ਪੁਨਰ-ਵਿਕਾਸ ਦੀ ਪਰਿਯੋਜਨਾ ਕਈ ਵਰ੍ਹਿਆਂ ਤੋਂ ਜਾਰੀ ਸੀ। ਦਿੱਲੀ ਦੀ ਜਨਤਾ ਨੂੰ ਇਸ ਦੀ ਖ਼ੂਬਸੂਰਤੀ ਦੇ ਨਾਲ ਪੂਰੇ ਹੋਣ ਦਾ ਕਾਫ਼ੀ ਅਰਸੇ ਤੋਂ ਇੰਤਜ਼ਾਰ ਸੀ, ਜੋ ਹੁਣ ਪੂਰਾ ਹੋ ਗਿਆ ਹੈ। ਹੁਣ ਇਹ ਦਿੱਲੀ ਦੀ ਜਨਤਾ ਦੇ ਲਈ ਹੀ ਨਹੀਂ ਬਲਕਿ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਮਹਿਮਾਨਾਂ ਅਤੇ ਟੂਰਿਸਟਾਂ ਦੇ ਲਈ ਵੀ ਇਕ ਆਕਰਸ਼ਣ ਦਾ ਕੇਂਦਰ ਬਣ ਗਿਆ ਹੈ। ਜਗ੍ਹਾ-ਜਗ੍ਹਾ ਫੈਲੀ ਬਿਜਲੀ, ਪਾਣੀ, ਟੈਲੀਫ਼ੋਨ ਆਦਿ ਦੀਆਂ ਲਾਈਨਾਂ ਨੂੰ ਕਨਾਟ ਪਲੇਸ ਵਿੱਚ ਇਕ ਬਹੁਉਪਯੋਗੀ ਭੂਮੀਗਤ ਸੁਰੰਗ ਦੇ ਨਿਰਮਾਣ ਕਰਕੇ ਉਸ ਵਿੱਚ ਸਮਾਇਆ ਗਿਆ ਹੈ।

ਪਾਲਿਕਾ ਪ੍ਰਧਾਨ ਦੇ ਬੁਲਾਵੇ ਨੇ ਸ਼ਤਾਬਦੀ ਵਰ੍ਹੇ ਵਿੱਚ ਨਵੀਂ ਦਿੱਲੀ ਖੇਤਰ ਦੀ ਜਨਤਾ ਦੇ ਨਾਲ ਵਿਕਾਸ ਦੇ ਨਵੇਂ ਵਿਸਥਾਰਾਂ ਨੂੰ ਜੋੜਦੇ ਹੋਏ ਮਨਾਉਣ ਦਾ ਸੰਕਲਪ ਲਿਆ ਹੈ। ਜਿਸ ਨੂੰ ਪੂਰੇ ਵਰ੍ਹੇ ਚਰਣਬੱਧ ਤਰੀਕੇ ਨਾਲ ਕਲਾ, ਸੱਭਿਆਚਾਰ, ਸੰਗੀਤ, ਨਾਟਕ ਅਤੇ ਵਿਵਿਧ ਵਿਧਾਵਾਂ ਦੇ ਨਾਲ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਕੜੀ ਦੇ ਅੰਤਰਗਤ ਹੁਣ ਤੱਕ ਸੀ.ਪੀ. ਫੈਸਟੀਵਲ, ਨੋਮੇਡਿਕ ਫੈਸਟੀਵਲ, ਦਿੱਲੀ ਦੇ ਪਕਵਾਨ, ਵਰਲਡ ਡਾਂਸ ਫੈਸਟੀਵਲ 'ਅਤੀਤ ਕੇ ਝੋਰੇਖੋ ਸੇ' 100 ਵਰ੍ਹੇ ਦੀ ਇਕ ਕਲਾ ਪ੍ਰਦਰਸ਼ਨੀ, ਮਿਊਜ਼ਿਕ ਇਨ ਦਾ ਪਾਰਕ ਵਿੱਚ ਸ਼ਾਸਤਰੀ ਸੰਗੀਤ ਪ੍ਰੋਗਰਾਮ ਅਤੇ ਬੱਚਿਆਂ ਦੇ ਲਈ ਗ੍ਰੀਸ਼ਮਕਾਲੀਨ ਬਾਲ ਕਾਰਜਸ਼ਾਲਾਵਾਂ ਦਾ ਵੀ ਆਯੋਜਨ ਕੀਤਾ ਗਿਆ ਹੈ ਅਤੇ ਨਾਲ ਹੀ ਫਰਾਂਸ ਦੂਤਾਵਾਸ ਵੱਲੋਂ ਫੋਟੋ ਪ੍ਰਦਰਸ਼ਨੀ ਅਤੇ ਕਨਾਡਾ ਦੂਤਾਵਾਸ ਦੁਆਰਾ ਪਬਲਿਕ ਆਰਟ ਦੇ ਅੰਤਰਗਤ ਇਕ 'ਇੰਸੂਕ' ਕਲਾਕ੍ਰਿਤੀ ਦੀ ਸਥਾਪਨਾ ਵੀ ਸ਼ਾਮਲ ਹੈ। ਸ਼ੰਕਰ ਮਾਰਕੀਟ ਦੀਆਂ ਦੀਵਾਰਾਂ ਨੂੰ ਕਲਾ ਦੇ ਰੰਗ-ਬਰੰਗੇ ਰੰਗਾਂ ਨਾਲ ਰੰਗਾਰੰਗ ਕਰਨਾ ਵੀ ਇਸ ਸ਼ਤਾਬਦੀ ਸਮਾਰੋਹ ਦਾ ਇਕ ਅਲਗ ਰੰਗ ਹੈ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ ਫਲੈਗ ਫਾਊਂਡੇਸ਼ਨ ਆਫ਼ ਇੰਡੀਆ ਦੇ ਸਹਿਯੋਗ ਨਾਲ ਕਨਾਟ ਪਲੇਸ ਦੇ ਸੈਂਟ੍ਰਲ ਪਾਰਕ ਵਿੱਚ ਸਾਡੇ ਰਾਸ਼ਟਰ ਗੌਰਵ 'ਤਿਰੰਗੇ' ਦੀ ਸਥਾਪਨਾ ਦਿੱਲੀ ਵਿੱਚ ਸਭ ਤੋਂ ਉੱਚੇ ਤਿਰੰਗੇ ਦੇ ਰੂਪ ਵਿੱਚ ਕੀਤੀ ਹੈ। ਇਹ ਸਥਲ ਕਨਾਟ ਪਲੇਸ ਆਉਣ ਵਾਲੇ ਸਾਰੇ ਲੋਕਾਂ ਦੇ ਲਈ ਰਾਸ਼ਟਰੀ ਗੌਰਵ ਦੀ ਪ੍ਰੇਰਣਾ ਦੇਣ ਵਾਲਾ ਹੈ।

ਸਲਾਹਕਾਰ (ਜਨ ਸੰਪਰਕ)
ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ

—o—

ਪਰੀਸ਼ਦ ਗਤੀਵਿਧੀਆਂ

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ :—ਨਵੀਂ ਦਿੱਨੀ ਨਗਰ ਪਾਲਿਕਾ ਪਰੀਸ਼ਦ ਨੇ 5 ਜੂਨ, 2014 ਨੂੰ ਚਾਣਕਯਪੁਰੀ ਸਥਿਤ ਨਹਿਰੂ ਪਾਰਕ ਵਿੱਚ ਇਕ ਸਾਦੇ ਸਮਾਰੋਹ ਵਿੱਚ ਵਿਸ਼ਵ ਵਾਤਾਵਰਣ ਦਿਵਸ ਮਨਾਇਆ। ਇਸ ਮੌਕੇ ਤੇ ਨਵੀ ਦਿੱਲੀ ਦੀ ਐੱਮ.ਪੀ. ਸ੍ਰੀਮਤੀ ਮਿਨਾਕਸ਼ੀ ਲੇਖੀ ਨੇ ਨਹਿਰੂ ਪਾਰਕ ਵਿੱਚ ਇਕ ਪੌਦਾ ਲਗਾ ਕੇ ਇਸ ਸਮਾਰੋਹ ਦਾ ਉਦਘਾਟਨ ਕੀਤਾ। ਇਸ ਮੌਕੇ ਤੇ ਪਾਲਿਕਾ ਪਰੀਸ਼ਦ ਦੇ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ, ਪਾਲਿਕਾ ਪਰੀਸ਼ਦ ਸਕੱਤਰ ਸ੍ਰੀ ਨਿਖਿਲ ਕੁਮਾਰ, ਸੀਨੀਅਰ ਅਧਿਕਾਰੀਗਣ, ਐੱਮ.ਐੱਲ.ਏ. ਅਤੇ ਪਾਲਿਕਾ ਪਰੀਸ਼ਦ ਮੈਂਬਰ ਸ੍ਰੀ ਸੁਰੇਂਦਰ ਸਿੰਘ ਅਤੇ ਇਕ ਹੋਰ ਪਾਲਿਕਾ ਪਰੀਸ਼ਦ ਮੈਂਬਰ ਸ੍ਰੀ ਸੁਕਾ ਰਾਮ ਨੇ ਵੀ ਪੌਦਾ ਲਗਾਇਆ। ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੁਆਰਾ ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ ਤੇ ਨਹਿਰੂ ਪਾਰਕ ਵਿੱਚ ਵਿਭਿੰਨ ਪ੍ਰਜਾਤੀਆਂ ਦੇ ਲਗਭਗ 100 ਪੌਦੇ ਅਤੇ ਵਿਭਿੰਨ ਪ੍ਰਜਾਤੀਆਂ ਦੀਆਂ 250 ਝਾੜੀਆਂ ਵੀ ਲਗਾਈਆਂ ਗਈਆਂ। ਪਰੀਸ਼ਦ ਆਪਣੇ ਖੇਤਰ ਦੀ ਹਰਿਆਲੀ ਬਣਾਏ ਰੱਖਣ ਦੇ ਲਈ ਹਰ ਸਾਲ 5 ਤੋਂ 10 ਹਜ਼ਾਰ ਪੌਦਿਆਂ ਦਾ ਰੋਪਣ ਕਰਦੀ ਹੈ ਜਿਸ ਨਾਲ ਇਸ ਖੇਤਰ ਵਿੱਚ ਹੋ ਰਹੇ ਵਿਕਾਸ ਕਾਰਜਾਂ ਦੇ ਕਾਰਨ ਜਾਂ ਟੁੱਟ ਗਏ ਰੁੱਖਾਂ ਦੇ ਕਾਰਨ ਆਈ ਹਰਿਆਲੀ ਦੀ ਕਮੀ ਨੂੰ ਪੂਰਾ ਕੀਤਾ ਜਾ ਸਕੇ। ਇਸ ਤੋਂ ਇਲਾਵਾ ਪਰੀਸ਼ਦ ਆਪਣੇ ਖੇਤਰ ਵਿੱਚ ਪੰਜ ਵੱਡੇ ਬਾਗ਼ਾਂ ਦੇ ਨਾਲ-ਨਾਲ 128 ਕਾਲੋਨੀ ਪਾਰਕਾਂ, 52 ਸਕੂਲ ਪਾਰਕਾਂ, 50 ਗੋਲ ਚੌਰਾਹਿਆਂ, 30 ਹਜ਼ਾਰ ਤੋਂ ਜ਼ਿਆਦਾ ਸੜਕ ਕਿਨਾਰੇ ਲੱਗੇ ਰੁੱਖਾਂ ਅਤੇ ਕੇਂਦਰੀ ਲੋਕ ਨਿਰਮਾਣ ਵਿਭਾਗ ਦੀਆਂ ਰਿਹਾਇਸ਼ੀ ਕਾਲੋਨੀਆਂ ਦੇ 981 ਪਾਰਕਾਂ ਦਾ ਵੀ ਰੱਖ-ਰਖਾਵ ਕਰਦੀ ਹੈ।

ਪਰੀਸ਼ਦ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ ਦੇ ਅਨੁਸਾਰ ਪਰੀਸ਼ਦ ਆਪਣੇ ਖੇਤਰ ਦੇ ਵਸਨੀਕਾਂ ਦੇ ਲਈ ਇਕ ਸਿਹਤਕਾਰਕ ਯੋਜਨਾ ਦੀ ਸ਼ੁਰੂਆਤ ਕਰਨ ਜਾ ਰਹੀ ਹੈ ਜਿਸ ਦੇ ਅੰਤਰਗਤ ਪਰੀਸ਼ਦ ਆਪਣੇ ਖੇਤਰ ਵਿੱਚ ਸਥਿਤ ਪਾਰਕਾਂ ਵਿੱਚ ਵਾਤਾਵਰਣ ਅਨੁਕੂਲ ਜਿਮ ਸਥਾਪਤ ਕਰੇਗੀ।

ਪਰੀਸ਼ਦ ਗਤੀਵਿਧੀਆਂ

ਪੁਨਰ-ਵਿਕਸਿਤ ਸਮੂਹਿਕ ਕੇਂਦਰ-ਬਾਬਰ ਰੋਡ ਦਾ ਉਦਘਾਟਨ :—ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ ਪੁਨਰ-ਵਿਕਸਿਤ ਸਮੂਹਿਕ ਕੇਂਦਰ ਅਤੇ ਸੀਨੀਅਰ ਸਿਟੀਜ਼ਨ ਕੇਂਦਰ ਦਾ 29 ਜੂਨ, 2014 ਨੂੰ ਇਕ ਸਾਦੇ ਸਮਾਰੋਹ ਵਿੱਚ ਉਦਘਾਟਨ ਕੀਤਾ ਗਿਆ। ਇਹ ਉਦਘਾਟਨ 88 ਸਾਲਾ ਲੋਕਲ ਸੀਨੀਅਰ ਸਿਟੀਜ਼ਨ ਪੰਡਤ ਸ੍ਰੀ ਕ੍ਰਿਸ਼ਨ ਮੁਲਤਾਨੀ ਦੇ ਕਰਕਮਲਾਂ ਨਾਲ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ ਦੀ ਮੌਜੂਦਗੀ ਵਿੱਚ ਕੀਤਾ ਗਿਆ। ਇਸ ਸਮੂਹਿਕ ਕੇਂਦਰ ਦਾ ਨਿਰਮਾਣ 1972 ਵਿੱਚ ਕੀਤਾ ਗਿਆ ਸੀ। ਅੱਜ ਦੀ ਜ਼ਰੂਰਤ ਨੂੰ ਵੇਖਦੇ ਹੋਏ ਇਸ ਦਾ ਪੁਨਰ-ਵਿਕਾਸ ਕੀਤਾ ਜਾਣਾ ਬਹੁਤ ਜ਼ਰੂਰੀ ਹੋ ਗਿਆ ਸੀ। ਇਸ ਕਾਰਜ ਤੇ ਕੁਲ 1.50 ਕਰੋੜ ਰੁਪਏ ਦੀ ਲਾਗਤ ਆਈ ਹੈ ਅਤੇ ਇਹ 12 ਮਹੀਨਿਆਂ ਦੀ ਨਿਰਧਾਰਤ ਅਵਧੀ ਵਿੱਚ ਤਿਆਰ ਕੀਤਾ ਗਿਆ। ਇਸ ਮੌਕੇ ਤੇ ਪਾਲਿਕਾ ਪਰੀਸ਼ਦ ਦੇ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ ਨੇ ਘੋਸ਼ਣਾ ਕੀਤੀ ਕਿ ਅਜਿਹੇ ਮਾਡਲ ਦੀ ਤਰਜ਼ 'ਤੇ ਪਾਲਿਕਾ ਪਰੀਸ਼ਦ ਖੇਤਰ ਦੇ ਹੋਰ ਸਮੂਹਿਕ ਕੇਂਦਰਾਂ ਦਾ ਵੀ ਪੁਨਰ-ਵਿਕਾਸ ਕੀਤਾ ਜਾਵੇਗਾ। ਇੱਥੇ ਸਥਿਤ ਲਾਇਬ੍ਰੇਰੀ ਵਿੱਚ ਇੰਟਰਨੈੱਟ ਦੀ ਸੁਵਿਧਾ ਵੀ ਪ੍ਰਦਾਨ ਕੀਤੀ ਜਾਵੇਗੀ। ਇਸ ਮੌਕੇ ਤੇ ਪੰਡਤ ਸ੍ਰੀ ਕ੍ਰਿਸ਼ਨ ਮੁਲਤਾਨੀ ਨੇ ਪਾਲਿਕਾ ਪਰੀਸ਼ਦ ਦੀ ਇਸ ਕਾਰਜ ਲਈ ਵਡਿਆਈ ਕੀਤੀ।



ਸਾਲ 2014-15 ਦੇ ਦੌਰਾਨ ਹਿੰਦੀ ਵਿਭਾਗ ਵੱਲੋਂ ਪ੍ਰਤਿਯੋਗਤਾਵਾਂ ਦਾ ਆਯੋਜਨ :—ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਹਿੰਦੀ ਵਿਭਾਗ ਵੱਲੋਂ ਪਰੀਸ਼ਦ ਕਰਮਚਾਰੀਆਂ/ਅਧਿਕਾਰੀਆਂ ਵਿੱਚ ਹਿੰਦੀ ਦੇ ਕੰਮ-ਕਾਜ ਨੂੰ ਵਧਾਉਣ ਦੇ ਲਈ ਅਤੇ ਹਿੰਦੀ ਪ੍ਰਤੀ ਰੁਚੀ ਜਾਗ੍ਰਤ ਕਰਨ ਦੇ ਲਈ ਪਿਛਲੇ ਵਰ੍ਹਿਆਂ ਦੀ ਤਰ੍ਹਾਂ ਇਸ ਵਰ੍ਹੇ ਵੀ ਚਾਰ ਪ੍ਰਤਿਯੋਗਤਾਵਾਂ ਦਾ ਆਯੋਜਨ ਕੀਤਾ ਗਿਆ। ਹਿੰਦੀ ਸੁਲੇਖ ਅਤੇ ਕਾਵਿ-ਪਾਠ ਦਾ ਆਯੋਜਨ 8 ਜੁਲਾਈ, 2014 ਨੂੰ ਹਿੰਦੀ ਨਿਬੰਧ ਪ੍ਰਤਿਯੋਗਤਾ, 9 ਜੁਲਾਈ, 2014 ਨੂੰ ਹਿੰਦੀ ਟਿੱਪਣ ਅਤੇ ਆਲੇਖਣ ਪ੍ਰਤਿਯੋਗਤਾ 10 ਜੁਲਾਈ, 2014 ਨੂੰ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਕਨਵੈਨਸ਼ਨ ਸੈਂਟਰ ਵਿੱਚ ਆਯੋਜਿਤ ਕੀਤੀ ਗਈ ਸੀ। ਇਸ ਮੌਕੇ ਤੇ 600 ਤੋਂ ਜ਼ਿਆਦਾ ਅਧਿਕਾਰੀਆਂ/ਕਰਮਚਾਰੀਆਂ ਨੇ ਉਤਸ਼ਾਹਪੂਰਵਕ ਹਿੱਸਾ ਲਿਆ। ਜੇਤੂਆਂ ਨੂੰ ਹਿੰਦੀ ਦਿਵਸ ਦੇ ਮੌਕੇ ਤੇ ਇਨਾਮ ਦਿੱਤੇ ਜਾਣਗੇ।

ਪਰੀਸ਼ਦ ਗਤੀਵਿਧੀਆਂ

ਗ੍ਰੀਸ਼ਮਕਾਲੀਨ ਬਾਲ ਕਾਰਜਸ਼ਾਲਾਵਾਂ ਦਾ ਆਯੋਜਨ :— ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ ਪਰੀਸ਼ਦ ਸਕੂਲਾਂ ਵਿੱਚ ਇਕ ਮਹੀਨੇ ਦੀ ਅਵਧੀ ਦੀ ਗ੍ਰੀਸ਼ਮ- ਕਾਲੀਨ ਬਾਲ ਕਾਰਜਸ਼ਾਲਾਵਾਂ ਦਾ ਆਯੋਜਨ ਕੀਤਾ ਸੀ, ਇਸ ਦੌਰਾਨ ਬੱਚਿਆਂ ਦੁਆਰਾ ਤਿਆਰ ਕੀਤੀਆਂ ਗਈਆਂ 600 ਤੋਂ ਜ਼ਿਆਦਾ ਚਿੱਤ੍ਰ-ਕ੍ਰਿਤੀਆਂ ਅਤੇ ਕਲਾਤਮਕ ਮਾਡਲਾਂ ਦੀ ਪ੍ਰਦਰਸ਼ਨੀ ਤਾਲਕਟੋਰਾ ਸਟੇਡੀਅਮ ਵਿੱਚ ਲਗਾਈ ਗਈ। ਇਸ ਮੌਕੇ ਤੇ ਪਰੀਸ਼ਦ ਦੀ ਨਿਦੇਸ਼ਕ (ਸਿੱਖਿਆ) ਸ੍ਰੀਮਤੀ ਵਿਦੁਸ਼ੀ ਚਤੁਰਵੇਦੀ ਨੇ ਦੀਪ ਰੌਸ਼ਨ ਕਰਕੇ ਰੰਗਾਰੰਗ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਇਸ ਰੰਗਾਰੰਗ ਪ੍ਰੋਗਰਾਮ ਦੇ ਅੰਤਰਗਤ ਬਾਲ ਕਾਰਜਸ਼ਾਲਾਵਾਂ ਵਿੱਚ ਬੱਚਿਆਂ ਵੱਲੋਂ ਤਿਆਰ ਓਡੀਸੀ, ਕੱਥਕ, ਕੁਚੀਪੁੜੀ, ਨ੍ਰਿਤ ਸੰਰਚਨਾਵਾਂ ਦਾ ਮੰਚਨ, ਵਾਦਯ-ਯੰਤਰਾਂ ਦੀ ਇਕ ਮਿਲੀ-ਜੁਲੀ ਪੇਸ਼ਕਸ਼, ਯੋਗਾ, ਹਿੰਦੀ ਨਾਟਕ ਅਤੇ ਬਾਕਸਿੰਗ ਅਤੇ ਵੁਸ਼ੂ ਦਾ ਵੀ ਪ੍ਰਦਰਸ਼ਨ ਕੀਤਾ ਗਿਆ। ਪਾਲਿਕਾ ਪਰੀਸ਼ਦ ਦੁਆਰਾ ਇਨ੍ਹਾਂ ਗ੍ਰੀਸ਼ਮਕਾਲੀਨ ਬਾਲ ਕਾਰਜਸ਼ਾਲਾਵਾਂ ਦਾ ਆਯੋਜਨ ਸੱਤ ਕੇਂਤਰਾਂ ਵਿੱਚ ਕੀਤਾ ਗਿਆ ਸੀ। ਇਨ੍ਹਾਂ ਕਾਰਜ- ਸ਼ਾਲਾਵਾਂ ਵਿੱਚ 8 ਤੋਂ 16 ਸਾਲ ਦੇ ਲਗਭਗ 1000 ਤੋਂ ਜ਼ਿਆਦਾ ਬੱਚਿਆਂ ਨੇ ਹਿੱਸਾ ਲਿਆ।

ਸ਼ਤਾਬਦੀ ਵਰ੍ਹੇ ਤੇ ਵਿਸ਼ੇਸ਼

ਚੌਂਹਮੁਖੀਆ ਚਿਰਾਗ਼ : ਭਾਪਾ ਪ੍ਰੀਤਮ ਸਿੰਘ

ਡਾ. ਮਹਿੰਦਰ ਕੌਰ ਗਿੱਲ

ਭਾਪਾ ਪ੍ਰੀਤਮ ਸਿੰਘ ਜੀ ਬਾਰੇ ਜਦ ਕਦੀ ਵੀ ਸੋਚਿਆ ਇਕ ਨਿਰਮਲਤਾ ਦਾ ਅਹਿਸਾਸ ਜਾਗਿਆ। ਉਹ ਨਿਰਮਲ ਬਾਣਾ, ਸੁਹਿਰਦ ਮੁਸਕਾਨ, ਮਿੱਠਤ ਭਰੇ ਬੋਲਾਂ ਅਤੇ ਨਿਰਮਾਣਤਾ ਨਾਲ ਭਰੇ ਪੂਰੇ ਮਨ ਨੂੰ ਸਰਸ਼ਾਰ ਕਰ ਜਾਂਦੇ। ਭਾਪਾ ਜੀ ਦਾ ਸਾਹਿਤ ਜਗਤ ਵਿੱਚ ਬਹੁਤ ਪਿਆਰਾ ਤੇ ਉਚੇਰਾ ਸਥਾਨ ਰਿਹਾ ਹੈ । ਦੇਸ਼-ਵਿਦੇਸ਼ ਦੀ ਲੇਖਕ-ਮੰਡਲੀ ਵਿੱਚ ਉਨ੍ਹਾਂ ਦਾ ਨਾਮ ਬਹੁਤ ਸਤਿਕਾਰ ਨਾਲ ਲਿਆ ਜਾਂਦਾ ਸੀ। ਹਰ ਤਰ੍ਹਾਂ ਦਾ ਲੇਖਕ ਚਾਹੇ ਉਹ ਕੱਦਾਵਰ ਸੀ ਜਾਂ ਸਾਧਾਰਨ, ਉਹਨਾਂ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋਣੋਂ ਨਹੀਂ ਸੀ ਰਹਿੰਦਾ। ਉਹ ਆਪਣੇ ਨਿਮਰ ਸੁਭਾਅ ਕਰਕੇ ਹਰ ਇਕ ਨੂੰ ਮੋਹ ਲੈਂਦੇ। ਕੱਦਾਵਰ ਲੇਖਕ ਤਾਂ ਭਾਪਾ ਜੀ ਦੀ ਨਿਮਰਤਾ ਦੇ ਕਾਇਲ ਸਨ ਤੇ ਛੋਟੇ ਲੇਖਕ ਉਹਨਾਂ ਦੀ ਵਡਿੱਤਣ ਤੋਂ। ਵਡੱਪਣ ਦੀ ਇਹੀ ਨਿਸ਼ਾਨੀ ਹੈ, ਉਹ ਛੋਟੇ ਨੂੰ ਵੀ ਆਪਣੇ ਨੇੜੇ ਖਲੋਣ ਯੋਗ ਬਣਾ ਲੈਂਦਾ ਹੈ। ਭਾਪਾ ਜੀ ਦੇ ਫਾਰਮ ਹਾਊਸ ਦੀਆਂ ਸਾਹਿਤਕ-ਮਿਲਣੀਆਂ ਇਸ ਗੱਲ ਦਾ ਪੁਖ਼ਤਾ ਪਰਮਾਣ ਹਨ। ਹਰ ਪੱਧਰ ਦਾ ਲਿਖਾਰੀ ਉਸ ਵਿੱਚ ਸ਼ਾਮਲ ਹੋਣ ਵਿੱਚ ਇਕ ਫ਼ਖ਼ਰ ਜਿਹਾ ਮਹਿਸੂਸ ਕਰਦਾ ਸੀ। ਮੈਨੂੰ ਯਾਦ ਹੈ, ਇਕ ਵੇਰਾਂ ਇਕ ਲੇਖਕ ਨੂੰ ਮੈਂ ਕਹਿ ਬੈਠੀ - ਕੱਲ੍ਹ ਇਹ ਕੰਮ ਕਰ ਲਵਾਂਗੇ। ਉਹ ਫੱਟ ਹੀ ਬੋਲ ਪਿਆ, "ਨਹੀਂ, ਬਈ ਕੱਲ੍ਹ ਨਹੀਂ, ਮੈਨੂੰ ਭਾਪਾ ਜੀ ਦਾ ਸੱਦਾ ਹੈ—ਮੈਂ ਫਾਰਮ ਹਾਊਸ ਜਾਣਾ ਹੈ।" ਏਸੇ ਤਰ੍ਹਾਂ ਇਹ ਗੱਲ ਫਿਰ ਵਾਪਰੀ। ਇਕ ਖੋਜ-ਵਿਦਿਆਰਥੀ ਅੰਮ੍ਰਿਤਸਰੋਂ ਆਇਆ। ਲੰਬੀ ਗੱਲਬਾਤ ਕਰਨ ਤੋਂ ਬਾਅਦ ਵੀ ਕੁਝ ਕੰਮ ਰਹਿ ਗਿਆ। ਮੈਂ ਕਿਹਾ ਚਲੋ ਕੱਲ੍ਹ ਵੇਖ ਲਵਾਂਗੇ। ਮੈਨੂੰ ਉਸ ਵੇਲੇ ਯਾਦ ਨਹੀਂ ਰਿਹਾ ਕਿ ਮੈਂ ਵੀ ਜਾਣਾ ਹੈ। ਪਰ ਉਹ ਕਹਿਣ ਲੱਗਾ, "ਮੈਡਮ ਜੀ, ਜੇ ਬੁਰਾ ਨਾ ਮਨਾਉ ਤਾਂ ਮੈਂ ਪਰਸੋਂ ਆ ਜਾਵਾਂਗਾ। ਕੱਲ੍ਹ ਮੈਂ ਵੀ ਨਵਯੁਗ ਫਾਰਮ ਹਾਊਸ 'ਤੇ ਜਾਣਾ ਹੈ। ਜੇ ਸਮਾਂ ਮਿਲ ਗਿਆ ਤਾਂ ਮੈਂ ਵੀ ਇਕ ਕਵਿਤਾ ਸੁਣਾ ਆਵਾਂਗਾ ।" ਉਹ ਪ੍ਰੀਤਨਗਰ ਦੇ ਲਾਗੇ ਪਿੰਡਾਂ ਦਾ ਰਹਿਣ ਵਾਲਾ ਸੀ ਤੇ ਖੋਜ ਕਰ ਰਿਹਾ ਸੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ। ਮੈਂ ਉਸ ਤੋਂ ਸਹਿਜੇ



ਹੀ ਪੁੱਛਿਆ ਕਿ, "ਭਾਪਾ ਜੀ ਤੈਨੂੰ ਜਾਣਦੇ ਹਨ ?" "ਜੀ ਨਹੀਂ—ਹਾਂ ਉਹ ਪ੍ਰੀਤਨਗਰ ਦੇ ਮੇਲੀਆਂ ਦਾ ਬੜਾ ਮਾਣ-ਤਾਣ ਕਰਦੇ ਹਨ ।" ਮੇਰੇ ਮਨ ਵਿੱਚ ਭਾਪਾ ਜੀ ਦੇ ਮੋਹ ਦਾ ਝਲਕਾਰਾ ਵੱਜਾ। ਜਿੱਥੇ ਉਮਰਾਂ ਦੇ ਪਹਿਲੇ ਵਰ੍ਹੇ ਲੰਘਾਏ ਉਸ ਥਾਂ ਦੀ ਮਿਹਰ-ਮੁਹੱਬਤ ਨੂੰ ਵਿਸਾਰਿਆ ਨਹੀਂ। ਏਸੇ ਤਰ੍ਹਾਂ ਉਹ ਨਿੱਕੇ-ਮੋਟੇ ਉੱਭਰਦੇ ਲੇਖਕਾਂ ਨੂੰ ਉਤਸਾਹਿਤ ਕਰਦੇ ਰਹੇ।

ਮੈਂ ਮਾਤਾ ਸੁੰਦਰੀ ਕਾਲਜ ਦੀ ਪ੍ਰਿੰਸੀਪਲੀ ਸੰਨ 1983 ਵਿੱਚ ਸੰਭਾਲੀ। ਸੋਚਣ ਲੱਗੀ ਕੁਝ ਅਜਿਹਾ ਕਰੀਏ ਜਿਸ ਨਾਲ ਕਾਲਜ ਦੀ ਵੱਖਰਤਾ ਵੀ ਸਥਾਪਤ ਹੋ ਜਾਏ ਤੇ ਪੰਜਾਬੀ ਸਾਹਿਤ ਦੀ ਸੇਵਾ ਵੀ। ਇਸ ਲਈ ਕਈ ਪ੍ਰੋਗਰਾਮ ਉਲੀਕੇ ਗਏ। ਸੱਭਿਆਚਾਰਕ, ਧਾਰਮਿਕ ਤੇ ਸਾਹਿਤਕ । ਪੰਜਾਬੀ ਅਕਾਦਮੀ ਦੀ ਸਥਾਪਨਾ ਨੇ ਸਾਡੀ ਮੁਰਾਦ ਹੋਰ ਪੂਰੀ ਕਰ ਦਿੱਤੀ ਤੇ ਅਸੀਂ ਸੈਮੀਨਾਰਾਂ ਵੱਲ ਰੁਚਿਤ ਹੋ ਗਏ। ਸ੍ਰ. ਮਨਜੀਤ ਸਿੰਘ ਸੈਕਟਰੀ, ਪੰਜਾਬੀ ਅਕਾਦਮੀ ਕਹਿਣ ਲੱਗੇ, "ਤੁਸੀਂ ਸੈਮੀਨਾਰ ਕਰੋ ਅਸੀਂ ਕਿਤਾਬਾਂ ਛਾਪ ਦਿਆਂਗੇ।" ਮੈਨੂੰ ਕੱਲ੍ਹ ਵਾਂਗ ਯਾਦ ਹੈ ਉਸ ਵਰ੍ਹੇ 1986 ਵਿੱਚ ਕਾਲਜ ਨੇ ਛੇ ਸੈਮੀਨਾਰ ਕੀਤੇ :

1. ਸੁਖ਼ਨਵਰ : ਡਾ: ਹਰਿਭਜਨ ਸਿੰਘ
2. ਕਥਾਕਾਰ : ਕਰਤਾਰ ਸਿੰਘ ਦੁੱਗਲ
3. ਲੋਕਯਾਨ ਯਾਤਰੀ : ਦੇਵਿੰਦਰ ਸਤਿਆਰਥੀ
4. ਹਾਸ ਸੈਲਾਨੀ : ਪਿਆਰਾ ਸਿੰਘ ਦਾਤਾ
5. ਪੰਜਾਬੀ ਵਾਰਤਕ ਸੈਮੀਨਾਰ
6. ਕੰਪੋਜ਼ਿਟ ਸਾਹਿਤ ਸੈਮੀਨਾਰ

ਇਨ੍ਹਾਂ ਵਿੱਚੋਂ ਚੌਥੇ ਸੈਮੀਨਾਰ ਜੋ ਦਾਤਾ ਜੀ ਬਾਰੇ ਸੀ, ਦੇ ਪ੍ਰਬੰਧ ਵਿੱਚ ਮੈਂ ਭਾਪਾ ਜੀ ਦੇ ਵਧੇਰੇ ਨੇੜੇ ਆਈ। ਮਿੱਤਰ ਦੀ ਮਿੱਤਰ-ਭਾਵਨਾ ਤੇ ਭਾਪਾ ਜੀ ਦੀ ਸੁਹਿਰਦਤਾ ਨੇ ਬੜਾ ਹੀ ਪ੍ਰਭਾਵਿਤ ਕੀਤਾ। ਭਾਪਾ ਜੀ ਨੇ ਬੜੀ ਖ਼ੁਸ਼ ਅਸਲੂਬੀ ਨਾਲ ਇਸ ਸੈਮੀਨਾਰ ਨੂੰ ਸੰਪੰਨ ਕਰਵਾਇਆ ਤੇ ਪੱਲਿਉਂ ਇਕ ਟਰਾਫ਼ੀ ਦੇ ਕੇ ਜਿੱਥੇ ਦਾਤਾ ਜੀ ਦਾ ਸਨਮਾਨ ਕੀਤਾ ਉੱਥੇ ਕਾਲਜ ਦਾ ਵੀ ਮਾਣ ਵਧਾਇਆ। ਸੈਮੀਨਾਰਾਂ ਦਾ ਸਿਲਸਿਲਾ ਕਾਲਜ ਵਿੱਚ ਚਲਦਾ ਰਹਿੰਦਾ। ਭਾਪਾ ਜੀ ਦੀ ਸ਼ਮੂਲੀਅਤ ਕੇਵਲ ਮੇਰਾ ਹੀ ਨਹੀਂ ਸਗੋਂ ਸਾਰਿਆਂ ਦਾ ਉਤਸ਼ਾਹ ਬਣਾ ਜਾਂਦੀ।

ਪੰਜਾਬੀ ਸਾਹਿਤ ਸਭਾ ਦੇ ਮੁੱਢਲੇ ਉਸਰੱਈਆਂ, ਗਿਆਨੀ ਕੁਲਦੀਪ ਸਿੰਘ ਤੇ ਗਿਆਨੀ ਹਰੀ ਸਿੰਘ ਜੀ ਤੋਂ ਬਾਅਦ, ਜਦੋਂ ਵਾਗਡੋਰ ਸੰਭਾਲੀ ਤਾਂ ਇਸ ਵਿੱਚ ਅਜੇਹਾ ਇਨਕਲਾਬ ਲਿਆਂਦਾ, ਨਿਥਾਵੀਂ-ਬੇਘਰੀ ਪੰਜਾਬੀ ਸਾਹਿਤ ਸਭਾ ਨੂੰ ਨਾ ਕੇਵਲ ਭਵਨ ਹੀ ਉਸਾਰ ਦਿੱਤਾ ਸਗੋਂ ਇਕ ਅਜਿਹਾ ਪੱਕਾ ਪ੍ਰਬੰਧ ਕਰ ਦਿੱਤਾ ਜਿਸ ਨਾਲ ਪੰਜਾਬੀ ਭਵਨ ਵਿਚਲੇ ਕਾਰਿੰਦਿਆਂ ਦੀ ਤਨਖ਼ਾਹ ਤੇ ਹੋਰ ਖ਼ਰਚਿਆਂ ਦਾ ਸਹੀ ਇੰਤਜ਼ਾਮ ਹੋ ਸਕੇ।

ਹੁਣ ਸਾਹਿਤ ਸਭਾ ਪੰਜਾਬੀ ਲੇਖਕਾਂ ਨੂੰ ਉਹਨਾਂ ਦੀ ਕਾਬਲੀਅਤ ਤੇ ਲੋੜ ਅਨੁਸਾਰ ਫੈਲੋਸ਼ਿਪ ਵੀ ਦੇਣ ਲੱਗੀ। ਕਿਹੜਾ ਲੇਖਕ ਕਿਸ ਹਾਲ ਵਿੱਚੋਂ ਲੰਘ ਰਿਹਾ ਹੈ—ਇਸ ਦੀ ਸੂਚਨਾ ਦਾ ਮੂਲ ਸੋਮਾ ਭਾਪਾ ਜੀ ਸਨ। ਲੇਖਕਾਂ ਦੇ ਦੁੱਖ-ਦਰਦ ਨੂੰ ਜਾਣਨਾ ਤੇ ਉਹਨਾਂ ਦੀ ਮਦਦ ਕਰਨੀ ਭਾਪਾ ਜੀ ਦੇ ਸੁਭਾਅ ਦੇ ਲਾਜ਼ਮੀ ਅੰਗ ਸਨ। ਉਹ ਤਾਂ ਬੰਬਈ ਤੱਕ ਵੀ ਲੇਖਕ ਨੂੰ ਵੇਖਣ ਲਈ ਚਲੇ ਜਾਂਦੇ। ਲੋੜ ਪੈਣ 'ਤੇ ਪੰਜਾਬ ਦੀ ਫੇਰੀ ਲਾ ਆਉਂਦੇ। ਲੇਖਕਾਂ ਨਾਲ ਮੋਹ ਜੁ ਸੀ! ਪੰਜਾਬੀ ਭਵਨ ਵਿੱਚ ਪੁਸਤਕਾਂ ਦੀ ਪ੍ਰਦਰਸ਼ਨੀ ਵੱਲ ਉਹਨਾਂ ਦਾ ਉਚੇਚਾ ਧਿਆਨ ਸੀ। ਉਹ ਹੋਮ-ਵਰਕ ਕਰਕੇ ਹੀ ਹਰ ਮੀਟਿੰਗ ਵਿੱਚ ਆਉਂਦੇ। ਉਹ ਕਦੀ ਉੱਚਾ ਨਹੀਂ ਬੋਲੇ ਅਤੇ ਹਰ ਕਿਸੇ ਨੇ ਉਹਨਾਂ ਦੀ ਤਜਵੀਜ਼ ਨੂੰ ਸਲਾਹਿਆ।

ਭਾਪਾ ਜੀ ਦੀ ਪਬਲਿਸ਼ਰ ਵਾਲੀ ਨੀਝ ਬੇਜੋੜ ਸੀ। ਉਹ ਖਰੜਾ ਵੇਖਦਿਆਂ ਹੀ ਭਾਂਪ ਜਾਂਦੇ ਸਨ ਕਿ ਇਹ ਨਵਯੁਗ ਦੇ ਸਥਾਪਤ ਮਿਆਰ ਤੱਕ ਪਹੁੰਚਦਾ ਹੈ ਜਾਂ ਨਹੀਂ। ਮੇਰਾ ਵਾਹ ਉਨ੍ਹਾਂ ਨਾਲ ਪ੍ਰਕਾਸ਼ਕ ਤੇ ਲੇਖਕ ਦੇ ਪੱਖੋਂ 1988 ਵਿੱਚ ਪਿਆ। ਮੇਰੀ ਪੁਸਤਕ 'ਬਾਣੀ ਸਾਰ' 1988 ਵਿੱਚ, ਦੂਸਰੀ 'ਬਾਬਾ ਸ੍ਰੀਚੰਦ ਤੇ ਉਦਾਸੀ ਮਤ', 1996 ਵਿੱਚ, ਤੀਸਰੀ 'ਹਰ ਦੋ ਆਲਮ ਤਾਕ : ਗੁਰੂ ਗੋਬਿੰਦ ਸਿੰਘ' 1999 ਵਿੱਚ, ਚੌਥੀ 'ਦੀਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ' 2004 ਵਿੱਚ ਪ੍ਰਕਾਸ਼ਤ ਕਰਕੇ, ਅਸੀਮ ਸੁਖ ਦਾ ਸਾਹ ਲਿਆ। ਉਨ੍ਹਾਂ ਦੇ ਚਿਹਰੇ ਦੀ ਸੰਤੁਸ਼ਟੀ ਦਾ ਭਾਵ ਮੈਨੂੰ ਅੱਜ ਤੱਕ ਯਾਦ ਹੈ। ਜਦੋਂ 'ਦੀਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਪਹਿਲੀ ਪ੍ਰਤੀ ਮੈਨੂੰ ਦਿੱਤੀ ਤਾਂ ਕਹਿਣ ਲੱਗੇ, "ਚਲੋ ਮਹਿੰਦਰ ਜੀ, ਗੁਰੂ ਗ੍ਰੰਥ ਸਾਹਿਬ ਦੇ ਚਾਰ ਸੌ ਸਾਲਾ ਪ੍ਰਕਾਸ਼ ਉਤਸਵ ਵਿੱਚ ਸਾਡੀ ਟਕਸਾਲ ਦਾ ਵੀ ਕੁਝ ਹਿੱਸਾ ਪੈ ਗਿਆ। ਪੰਜਾਬੀ ਜਗਤ ਨੂੰ ਇਕ ਚੰਗੀ ਕਿਤਾਬ ਦੇਣ ਦਾ ਵਸੀਲਾ ਅਸੀਂ ਬਣ ਗਏ ।" ਉਸ ਦਿਨ ਭਾਪਾ ਜੀ ਬਹੁਤ ਹੀ ਖ਼ੁਸ਼ ਹੋਏ। ਮੈਨੂੰ ਵੀ ਕਈ ਅਸੀਸਾਂ ਦਿੱਤੀਆਂ। ਭਾਪਾ ਜੀ ਮੇਰੇ ਫਾਦਰ-ਫਿਗਰ ਸਨ। ਇਹ ਗੱਲ ਮੈਂ ਉਹਨਾਂ ਨੂੰ ਕਦੀ ਨਹੀਂ ਕਹੀ। ਪਰ ਜਦ ਵੀ ਉਹਨਾਂ ਨੂੰ ਮਿਲੀ, ਆਪਣੇ ਬਾਪੂ ਜੀ ਯਾਦ ਆਏ। ਸ਼ਾਇਦ ਇਹੋ ਕਾਰਣ ਸੀ—ਮੈਨੂੰ ਉਹਨਾਂ ਨੂੰ ਮਿਲਣਾ ਬਹੁਤ ਚੰਗਾ ਲੱਗਦਾ ਸੀ । ਸੋਚਦੀ ਸਾਂ—ਸਿਮ੍ਰਿਤੀ ਉਹ ਝਰੋਖਾ ਹੈ ਜਿਸ ਥਾਣੀਂ ਲੰਘ ਕੇ ਅਨੁਭਵ ਸਿਰਜਣਾ ਦਾ ਰੂਪ ਧਾਰਦਾ ਹੈ। ਜਿੰਨਾ ਗਹਿਰਾ ਉਹਨਾਂ ਬਾਰੇ ਸੋਚਦੀ ਹਾਂ ਇਕ ਅਲੋਕਾਰੀ ਚੇਤੰਨਤਾ ਦੇ ਸੁਆਮੀ ਨਜ਼ਰ ਆਉਂਦੇ ਹਨ। ਅਜੇਹਾ ਸੁਖ਼ਨਵਰ ਕਿ ਹਰ ਕੋਈ ਉਹਨਾਂ ਦੀ ਮਿਕਨਾਤੀਸੀ ਸ਼ਖ਼ਸੀਅਤ ਵੱਲ ਰੁਚਿਤ ਹੋ ਜਾਂਦਾ। ਇਕ ਅਜੇਹਾ ਅਦੁੱਤੀ ਅੰਕੁਰ ਰੱਖਣ ਵਾਲਾ ਰੁੱਖ ਜਿਸ ਨੇ ਪੰਜਾਬੀ ਜਗਤ ਨੂੰ ਹਰ ਪੱਖੋਂ ਸੰਘਣੀ ਛਾਂ ਦੇ ਕੇ ਨਿਵਾਜਿਆ। ਉਹਨਾਂ ਦਾ ਚੌਂਹਮੁਖੀਆ ਚਾਨਣ ਪੰਜਾਬੀ ਜਗਤ ਦੇ ਬਹੁਤ ਸਾਰੇ ਮੁੱਦਿਆਂ ਨੂੰ ਸਹਿਜ ਰੂਪ ਵਿੱਚ ਸੁਲਝਾ ਗਿਆ। ਅੱਜ ਸੱਚਮੁੱਚ ਉਹਨਾਂ ਦੀ ਸਿਮ੍ਰਿਤੀ ਨੂੰ ਨਤ-ਮਸਤਕ ਹੋਣ ਨੂੰ ਜੀਅ ਕਰ ਆਇਆ ਹੈ।

('ਸਮਕਾਲੀ ਸਾਹਿਤ' ਦੇ ਅਪ੍ਰੈਲ-ਜੂਨ-2005 ਅੰਕ ਤੋਂ ਧੰਨਵਾਦ ਸਹਿਤ)

ਸਾਵਣ ਤੇ ਵਿਸ਼ੇਸ਼

(1) ਗੀਤ

ਸਾਵਣ ਵਿੱਚ ਅੱਖੀਆਂ ਰੋਈਆਂ ਨੇ

ਬਲਵਿੰਦਰ 'ਬਾਲਮ'

ਕੋਈ ਯਾਦ ਪੁਰਾਣੀ ਆਈ ਏ।
ਕੋਈ ਬੱਦਲੀ ਅੰਬਰੀਂ ਛਾਈ ਏ।
ਫਿਰ ਵਿਲਕ ਕੇ ਸੱਧਰਾਂ ਮੋਈਆਂ ਨੇ।
ਸਾਵਣ ਵਿੱਚ ਅੱਖੀਆਂ ਰੋਈਆਂ ਨੇ।

—

ਕੋਈ ਦੂਰ ਰਵ੍ਹੇ ਨਾ ਸੱਜਣਾਂ ਤੋਂ।
ਫਿਰ ਮਜਬੂਰ ਰਵ੍ਹੇ ਨਾ ਸੱਜਣਾਂ ਤੋਂ।
ਰਿਮਝਿਮ ਨਾਲ ਗੱਲਾਂ ਹੋਈਆਂ ਨੇ।
ਸਾਵਣ ਵਿੱਚ ਅੱਖੀਆਂ ਰੋਈਆਂ ਨੇ।

—

ਮੌਸਮ ਦੀ ਸੁੰਦਰ ਅੰਗੜਾਈ ਹੈ।
ਖ਼ੁਸ਼ਬੂ ਵਿੱਚ ਲਿਪਟੀ ਤਨਹਾਈ ਹੈ।
ਸ਼ਬਨਮ ਨੇ ਕਲੀਆਂ ਛੋਹੀਆਂ ਨੇ।
ਸਾਵਣ ਵਿੱਚ ਅੱਖੀਆਂ ਰੋਈਆਂ ਨੇ।

—

ਮੇਰੇ ਬੀਤੇ ਯੁੱਗ ਦੀਆਂ ਫ਼ਰਿਆਦਾਂ।
ਤੇਰੇ ਨਾਲ ਬਿਤਾਈਆਂ ਉਹ ਯਾਦਾਂ।
ਦਰ ਉੱਤੇ ਆਣ ਖਲੋਈਆਂ ਨੇ।
ਸਾਵਣ ਵਿੱਚ ਅੱਖੀਆਂ ਰੋਈਆਂ ਨੇ।

—

ਤੂੰ ਕੀ ਜਾਣੇ ਤੈਨੂੰ ਕੀ ਦੱਸੀਏ।
ਨਾ ਰੋ ਸਕੀਏ ਨਾ ਹੱਸ ਸਕੀਏ।
ਮਨ ਦੀਆਂ ਛੱਤਾਂ ਚੋਈਆਂ ਨੇ।
ਸਾਵਣ ਵਿੱਚ ਅੱਖੀਆਂ ਰੋਈਆਂ ਨੇ।

—

ਘੋਰ ਘਟਾਵਾਂ ਬਿਜਲੀ ਚਮਕ ਰਹੀ।
ਸੀਨੇ ਵਿੱਚ ਅਗਨੀ ਦਮਕ ਰਹੀ।
ਸੱਜਣਾਂ ਬਿਨ ਖਿੜਕੀਆਂ ਢੋਈਆਂ ਨੇ।
ਸਾਵਣ ਵਿੱਚ ਅੱਖੀਆਂ ਰੋਈਆਂ ਨੇ।

—

ਜੇ 'ਬਾਲਮ' ਹੋਰੀਂ ਫਿਰ ਆਣ ਮਿਲਣ।
ਸੱਚੀਂ ਪਤਝੜ ਦੇ ਵਿੱਚ ਫੁੱਲ ਖਿੜ੍ਹਣ।
ਆਸਾਂ ਮਨ ਦੇ ਵਿੱਚ ਸੰਜੋਈਆਂ ਨੇ।
ਸਾਵਣ ਵਿੱਚ ਅੱਖੀਆਂ ਰੋਈਆਂ ਨੇ।

—o—

(2) ਗ਼ਜ਼ਲ

ਆ ਗਈ ਬਰਸਾਤ ਸਾਵਣ ਆ ਗਿਆ।
ਸਿਖਰ ਦੁਪਹਿਰੇ ਰਾਤ ਸਾਵਣ ਆ ਗਿਆ।

ਬਿਜਲੀਆਂ ਚਮਕਣ, ਹਵਾਵਾਂ ਠੰਢੀਆਂ,
ਘੁੰਡ ਵਿੱਚ ਪ੍ਰਭਾਤ ਸਾਵਣ ਆ ਗਿਆ।

ਮਸਤ ਪੰਛੀ ਕਰ ਰਹੇ ਸਰਗੋਸ਼ੀਆਂ,
ਸਾਂਭ ਲਓ ਜਜ਼ਬਾਤ ਸਾਵਣ ਆ ਗਿਆ।

ਪਰਬਤਾਂ ਸੰਗ ਵਰ੍ਹਦੀਆਂ ਨੇ ਬੱਦਲੀਆਂ,
ਕਰਦੀਆਂ ਗੱਲ ਬਾਤ ਸਾਵਣ ਆ ਗਿਆ।

ਫ਼ਸਲ ਬੂਟੇ ਪੁੰਗਰੇ, ਹਰਿਆਲੀਆਂ,
ਧਰਤ ਦੀ ਸੌਗਾਤ ਸਾਵਣ ਆ ਗਿਆ।

ਮਾਨ ਕਰਦਾ ਸੀ ਤੂੰ ਚੰਨਾ ਲੋਅ ਤੇ,
ਕੀ ਤੇਰੀ ਔਕਾਤ ਸਾਵਣ ਆ ਗਿਆ।

ਆਲ੍ਹਣੇ ਵਿੱਚ ਬੋਟ ਹੁਣ ਘਬਰਾ ਰਹੇ,
ਕਰ ਰਹੇ ਨੇ ਬਾਤ ਸਾਵਣ ਆ ਗਿਆ।

ਔੜ ਵਿੱਚ ਸੁਣ ਕੇ ਫ਼ਕੀਰਾਂ ਦੀ ਦੁਆ,
ਪੈ ਗਈ ਖ਼ੈਰਾਤ ਸਾਵਣ ਆ ਗਿਆ।

'ਬਾਲਮਾ' ਸਭ ਵਾਸਤੇ ਇਕੋ ਜਿਹਾ,
ਬਿਨ ਧਰਮ ਬਿਨ ਜਾਤ ਸਾਵਣ ਆ ਗਿਆ।

—o—

ਓਂਕਾਰ ਨਗਰ, ਗੁਰਦਾਸਪੁਰ-143521
(ਪੰਜਾਬ)

ਕਹਾਣੀ

ਸਾਈਕਲ ਦੀ ਸਵਾਰੀ

ਹਰਭਜਨ ਸਿੰਘ

ਬਲਬੀਰ ਸਿੰਘ ਦਾ ਦੋ ਮੰਜ਼ਲਾ ਮਕਾਨ ਹੈ। ਹੇਠਾਂ ਤਾਂ ਉਸ ਨੇ ਆਪਣਾ ਦਫ਼ਤਰ ਬਣਾਇਆ ਹੋਇਆ ਹੈ। ਉਪਰਲੀ ਮੰਜ਼ਿਲ 'ਤੇ ਉਹ ਆਪਣੇ ਪਰਿਵਾਰ ਨਾਲ ਰਹਿੰਦਾ ਹੈ। ਉਸ ਦੇ ਪਰਿਵਾਰ ਵਿੱਚ ਉਹ ਆਪ, ਉਸ ਦੀ ਪਤਨੀ ਤੇ ਇਕ ਬੱਚਾ ਹੈ। ਹੇਠਾਂ ਕੰਪਨੀ ਦੇ ਸੇਲਜ਼ਮੈਨ ਆਉਂਦੇ ਰਹਿੰਦੇ ਹਨ। ਅੱਜ ਐਤਵਾਰ ਹੈ। ਇਸ ਕਰਕੇ ਕੰਪਨੀ ਦੇ ਬੰਦੇ ਵੀ ਅੱਜ ਨਹੀਂ ਆਏ ਸੀ। ਬਲਬੀਰ ਹੇਠਾਂ ਹੀ ਬਹਿ ਕੇ ਆਪਣਾ ਕੁਝ ਹਿਸਾਬ-ਕਿਤਾਬ ਕਰ ਰਿਹਾ ਸੀ। ਤਦੇ ਗੁਰਪ੍ਰੀਤ ਪੌੜੀਆਂ ਤੋਂ ਉਤਰਦੇ ਹੋਏ ਕਹਿਣ ਲੱਗੀ, "ਸੁਣੋ ਜੀ! ਤੁਸੀਂ ਹੁਣ ਵੱਡੀ ਗੱਡੀ ਲੈ ਆਉ। ਹੂਣ ਤਾਂ ਇਕ ਵੱਡੀ ਤੇ ਚੰਗੀ ਕੰਪਨੀ ਦੀ ਡਿਸਟ੍ਰੀਬਿਊਸ਼ਨਸ਼ਿਪ ਮਿਲ ਗਈ ਏ।"

"ਹਰ ਜਗ੍ਹਾ ਤਾਂ ਟਰੈਫ਼ਿਕ ਜਾਮ ਰਹਿੰਦਾ ਹੈ। ਦਿੱਲੀ ਦੀਆਂ ਸੜਕਾਂ 'ਤੇ ਚਲਣ ਜੋਗੀ ਥਾਂ ਤਾਂ ਹੈ ਨਹੀਂ, ਇੰਜ ਲੱਗਦਾ ਹੈ ਕਿ ਦਿੱਲੀ ਵਿੱਚ ਕਾਰਾਂ ਦਾ ਹੜ੍ਹ ਵਗ ਰਿਹਾ ਹੈ। ਦੋ ਕਦਮ ਗੱਡੀ ਵਧ ਕੇ ਖੜੋ ਜਾਊ ਜਾਂ ਫਿਰ ਰੈੱਡ ਲਾਈਟ ਆ ਜਾਊ। ਤੂੰ ਗੱਡੀ ਲਿਆਉਣ ਦੀ ਗੱਲ ਕਰਦੀ ਏਂ।" ਬਲਬੀਰ ਆਪਣੀ ਵਹੁਟੀ ਦੀ ਗੱਲ ਦਾ ਜਵਾਬ ਦੇਂਦਾ ਹੋਇਆ ਕਹਿ ਰਿਹਾ ਸੀ, "ਮੈਨੂੰ ਤਾਂ ਮੋਟਰ ਸਾਈਕਲ ਹੀ ਚੰਗਾ ਲੱਗੂ। ਜਿਧਰੋਂ ਮਰਜ਼ੀ ਕੱਢ ਕੇ ਲੈ ਜਾਈਏ, ਫਿਰ ਪੈਟਰੋਲ ਵੀ ਘੱਟ ਪੀਂਦਾ ਏ।"

"ਹਾਂ ਮੋਟਰ ਸਾਈਕਲ ਤੋਂ ਯਾਦ ਆਇਆ ਕਿ ਤੁਸੀਂ ਪੁਰਾਣਾ ਸਾਈਕਲ ਕੱਢਦੇ ਕਿਉਂ ਨਹੀਂ, ਇੰਝੇ ਕਬਾੜ 'ਕੱਠਾ ਕੀਤਾ ਹੋਇਆ।" ਗੁਰਪ੍ਰੀਤ ਦੀ ਇਹ ਗੱਲ ਸੁਣਦੇ ਹੀ ਬਲਬੀਰ ਨੂੰ ਗ਼ੁੱਸਾ ਆ ਗਿਆ ਤੇ ਕਹਿਣ ਲੱਗਾ, "ਦੇਖ ਮੈਂ ਤੈਨੂੰ ਕਈ ਵਾਰ ਆਖ ਚੁੱਕਾ ਹਾਂ ਕਿ ਤੂੰ ਇਸ ਸਾਈਕਲ ਨੂੰ ਕਬਾੜ ਨਾ ਸਮਝ, ਅਤੇ ਨਾ ਹੀ ਵੇਚਣ ਦੀ ਗੱਲ ਆਖਿਆ ਕਰ।"

"ਓਹ! ਕੀ ਹੋ ਗਿਆ ਤੁਹਾਨੂੰ ਦੋਹਾਂ ਨੂੰ, ਫਿਰ ਝਗੜਣ ਲੱਗ ਪਏ ਹੋ।" ਗੇਟ ਤੋਂ ਅੰਦਰ ਆਉਂਦੇ ਹੋਏ ਬੀਬੀ ਕਹਿਣ ਲੱਗੀ।

"ਬੀਬੀ ਜੀ," ਗੁਰਪ੍ਰੀਤ ਫਿਰ ਕਹਿਣ ਲੱਗੀ, "ਮੈਂ ਤਾਂ ਸਿਰਫ਼ ਇਹੀ ਕਿਹਾ ਸੀ ਕਿ ਹੁਣ ਵੱਡੀ ਗੱਡੀ ਲੈ ਲਉ ਅਤੇ ਉਸ ਪੁਰਾਣੇ ਸਾਈਕਲ ਨੂੰ ਬਾਹਰ ਕੱਢੋ ਜਾਂ ਫਿਰ ਕਿਸੇ ਨੂੰ ਦੇ ਦਿਉ। ਇਹ ਤਾਂ ਬਸ ਐਵੇਂ ਹੀ ਗਰਮ ਹੋ ਜਾਂਦੇ ਨੇ।"

"ਦੇਖ ਗੁਰਪ੍ਰੀਤ ਕੌਰ," ਬੀਬੀ ਗੁਰਪ੍ਰੀਤ ਨੂੰ ਸਮਝਾਉਂਦਿਆਂ ਕਹਿਣ ਲੱਗੀ, "ਮੈਂ ਤੈਨੂੰ ਪਹਿਲਾਂ ਵੀ ਸਮਝਾ ਚੁੱਕੀ ਹਾਂ ਕਿ ਤੂੰ ਇਸ ਸਾਈਕਲ ਬਾਰੇ ਮੇਰੇ ਪੁੱਤ ਨੂੰ ਕੁਝ ਨਾ ਕਿਹਾ ਕਰ, ਫਿਰ ਤੂੰ ਸਮਝਦੀ ਕਿਉਂ ਨਹੀਂ।"

"ਚਲੋ ਬੀਬੀ ਜੀ, ਉੱਪਰ ਚੱਲ ਕੇ ਹੀ ਗੱਲ ਕਰਦੇ ਹਾਂ।" ਗੁਰਪ੍ਰੀਤ ਬੀਬੀ ਜੀ ਦਾ ਹੱਥ ਫੜਦੇ ਹੋਏ ਕਹਿ ਰਹੀ ਸੀ, "ਇਨ੍ਹਾਂ ਦਾ ਤਾਂ ਮੂੰਹ ਹੀ ਬਣਿਆ ਰਹੂ।"

ਪੌੜੀਆਂ ਚੜ੍ਹਦੇ ਬੀਬੀ ਜੀ ਕਹਿਣ ਲੱਗੀ, "ਚੰਗਾ ਫਿਰ ਚਾਹ ਵੀ ਬਣਾ ਛੱਡ। ਹੁਣ ਤਾਂ ਬੁਢਾਪੇ 'ਚ ਚਾਹ ਪੀ ਕੇ ਹੀ ਗੁਜ਼ਾਰਾ ਕਰਨਾ ਹੈ।"

"ਲਉ ਬੀਬੀ ਜੀ, ਚਾਹ ਤਾਂ ਤਿਆਰ ਹੀ ਹੈ। ਮੈਂ ਤਾਂ ਚਾਹ ਦਾ ਪਾਣੀ ਪਹਿਲਾਂ ਹੀ ਰੱਖ ਕੇ ਗਈ ਸੀ। ਹੁਣ ਦੱਸੋ ਬੀਬੀ ਜੀ, ਪਿਛਲੇ ਸਾਲ ਦੀਵਾਲੀ ਤੇ ਜਦੋਂ ਸਫ਼ੈਦੀਆਂ ਕਰਵਾਈਆਂ ਸਨ, ਮੈਂ ਓਦੋਂ ਵੀ ਸਾਈਕਲ ਵੇਚਣ ਦੀ ਗੱਲ ਕੀਤੀ ਤਾਂ ਲੜਾਈ ਏਨੀ ਵਧ ਗਈ ਸੀ ਕਿ ਇਹ ਤਾਂ ਮੈਨੂੰ ਮਾਰ ਹੀ ਛੱਡਦੇ। ਉਹ ਤਾਂ ਚੰਗਾ ਸੀ, ਤੁਸੀਂ ਟਾਈਮ ਸਿਰ ਘਰ ਪਰਤ ਆਏ। ਪਰ ਮੈਨੂੰ ਇਹ ਦੱਸੋ ਤਾਂ ਸਹੀ ਕਿ ਆਖਿਰ ਇਹੋ ਜਿਹੀ ਕਿਹੜੀ ਗੱਲ ਏ, ਜਿਹੜੀ ਮੈਨੂੰ ਨਹੀਂ ਪਤਾ। ਮੈਂ ਜਦੋਂ ਵੀ ਸਾਈਕਲ ਦੀ ਗੱਲ ਛੇੜਦੀ ਆਂ, ਤਾਂ ਹੀ ਝਗੜਾ ਸ਼ੁਰੂ...।"

ਬੀਬੀ ਜੀ ਕਹਿਣ ਲੱਗੇ, "ਚੰਗਾ, ਥੋੜ੍ਹੀ ਨਮਕੀਨ ਵੀ ਫੜ ਲੈ, ਫਿਰ ਦੱਸਨੀਆਂ ਤੈਨੂੰ।"

"ਲਉ ਬੀਬੀ ਜੀ, ਬਿਸਕੁਟ ਵੀ ਤੇ ਨਮਕੀਨ ਵੀ, ਹੁਣ ਦੱਸੋ?"

"ਗੁਰਪ੍ਰੀਤ! ਅੱਜ ਪ੍ਰਮਾਤਮਾ ਦਾ ਦਿੱਤਾ ਸਾਡੇ ਕੋਲ ਸਭ ਕੁਝ ਹੈ, ਚੰਗਾ ਘਰ ਹੈ, ਕਾਰ ਹੈ, ਚਾਹੇ ਛੋਟੀ ਹੀ ਸਹੀ, ਮਿਕਸੀ ਹੈ, ਓਵਨ ਹੈ, ਫ਼ਰਿਜ਼ ਹੈ, ਨਵੇਂ ਜ਼ਮਾਨੇ ਦੀ ਰਸੋਈ

ਹੈ। ਇਸ ਤਰ੍ਹਾਂ ਦੀ ਰਸੋਈ ਤੂੰ ਮੁਹੱਲੇ 'ਚ ਕਿਸੇ ਦੀ ਵੇਖੀ ਹੈ?"

"ਨਹੀਂ ਬੀਬੀ ਜੀ।"

"ਮੈਂ ਤਾਹੀਓਂ ਤਾਂ ਆਖਦੀ ਹਾਂ ਕਿ ਉਸ ਪ੍ਰਮਾਤਮਾ ਦਾ ਸ਼ੁਕਰਾਨਾ ਕਰਿਆ ਕਰ ਕਿ ਉਸ ਵੱਲੋਂ ਸਾਨੂੰ ਹਰ ਤਰ੍ਹਾਂ ਦੀ ਸੁੱਖ-ਸਹੂਲਤ ਮਿਲੀ ਹੋਈ ਹੈ।"

"ਉਹ ਤਾਂ ਠੀਕ ਹੈ ਬੀਬੀ ਜੀ।"

"ਤੂੰ ਮੇਰੀ ਗੱਲ ਤਾਂ ਸੁਣ ਗੁਰਪ੍ਰੀਤ।" ਬੀਬੀ ਜੀ ਫਿਰ ਆਖਣ ਲੱਗੀ, "ਅਸੀਂ ਉਹ ਦਿਨ ਕਦੇ ਨਹੀਂ ਭੁੱਲ ਸਕਦੇ, ਜਦ ਸਾਡੇ ਕੋਲ ਕੁਝ ਵੀ ਨਹੀਂ ਸੀ। ਅਸੀਂ ਤਾਂ ਆਪਣਾ ਪਿੰਡ ਛੱਡ ਕੇ ਨਿਕਲੇ ਸਾਂ ਕਿ ਸ਼ਹਿਰ 'ਚ ਆ ਕੇ ਮਿਹਨਤ-ਮਜ਼ਦੂਰੀ ਕਰਕੇ ਦੋ ਵਕਤ ਦੀ ਰੋਟੀ ਤਾਂ ਢੰਗ ਨਾਲ ਮਿਲ ਜਾਏ। ਸਾਡਾ ਪਿੰਡ ਬੜਾ ਹੀ ਸੁੰਦਰ ਸੀ। ਚਾਰੇ ਪਾਸੇ ਦਰਖ਼ਤਾਂ ਨਾਲ ਘਿਰਿਆ ਹੋਇਆ। ਥੋੜ੍ਹੀ ਦੂਰ ਨਿਕਲ ਜਾਂਦੇ ਤਾਂ ਸਾਨੂੰ ਪਤਾ ਹੀ ਨਾ ਚਲਦਾ ਕਿ ਸਾਡਾ ਪਿੰਡ ਕਿੱਥੇ ਹੈ? ਇਹ ਬਲਬੀਰ ਤਾਂ ਤਦ ਬੜਾ ਹੀ ਛੋਟਾ ਸੀ। ਉਸ ਸਾਲ ਐਸਾ ਸੋਕਾ ਪਿਆ ਸੀ ਕਿ ਸਾਡੇ ਕੋਲ ਖਾਣ ਨੂੰ ਕੁਝ ਵੀ ਨਹੀਂ ਸੀ। ਅਸੀਂ ਹੀ ਕਿਉਂ ਹੋਰ ਕਿਸਾਨ ਵੀ ਸਨ। ਕਿਸਾਨ ਮਿਹਨਤੀ ਤਾਂ ਹੁੰਦੇ ਹੀ ਹਨ। ਪਰ ਪਹਿਲਾਂ ਆਪਣੇ ਪੇਟ ਵਿੱਚ ਵੀ ਤਾਂ ਕੁਝ ਹੋਵੇ। ਭੋਜਨ ਬਿਨਾਂ ਤਾਂ ਭਜਨ ਵੀ ਨਹੀਂ ਹੁੰਦਾ। ਇਸੇ ਲਈ ਅਸੀਂ ਦਿੱਲੀ ਆ ਗਏ।

"ਅਸੀਂ ਦਿੱਲੀ ਤਾਂ ਆ ਪੁੱਜੇ, ਪਰ ਬਲਬੀਰ ਦੇ ਪਿਉ ਨੂੰ ਕੋਈ ਢੰਗ ਦਾ ਕੰਮ ਨਾ ਮਿਲਿਆ। ਕਦੇ ਰਿਕਸ਼ਾ ਚਲਾਉਣਾ, ਕਦੇ ਹਲਵਾ ਵੇਚਣਾ ਅਤੇ ਕਦੇ ਮੱਝਾਂ ਦਾ ਦੁੱਧ ਚੋਣਾ। ਬਸ ਇਹ ਸਮਝ ਲਉ, ਮਿਹਨਤ ਮਜ਼ਦੂਰੀ ਕਰਕੇ ਮਸਾਂ ਦੋ ਵਕਤ ਦੀ ਰੋਟੀ ਹੀ ਮਿਲਦੀ। ਜ਼ਿੰਦਗੀ ਦੀ ਹਰ ਲੋੜ ਸਮੇਂ ਉਸ ਦਾ ਹੱਥ ਤੰਗ ਹੀ ਰਹਿੰਦਾ ਸੀ, ਨਾਲੇ ਦੇ ਪਾਰ ਜੋ ਸਕੂਲ ਹੈ, ਬਲਬੀਰ ਉੱਥੇ ਪੜ੍ਹਨ ਜਾਇਆ ਕਰਦਾ ਸੀ। ਛੁੱਟੀ ਹੁੰਦੀ ਤਾਂ ਉਹ ਸੜਕ ਪਾਰ ਕਰਕੇ ਆਪਣੇ ਦੋਸਤਾਂ ਨਾਲ ਘਰ ਨੂੰ ਪਰਤਦਾ। ਦਿਨ ਨਿਕਲਦੇ ਗਏ ਬਲਬੀਰ ਪੰਜਵੀਂ ਕਲਾਸ ਵਿੱਚ ਆ ਗਿਆ ਸੀ। ਆਪਣੇ ਦੋਸਤਾਂ ਨੂੰ ਸਾਈਕਲ ਚਲਾਉਂਦਿਆਂ ਵੇਖ ਕੇ ਉਹ ਵੀ ਸਾਈਕਲ ਚਲਾਉਣ ਦੀ ਜ਼ਿੱਦ ਕਰਦਾ। ਉਸ ਵੇਲੇ ਭੀਮ ਦੀ ਦੁਕਾਨ ਤੋਂ ਕਿਰਾਏ 'ਤੇ ਸਾਈਕਲ ਮਿਲ ਜਾਇਆ ਕਰਦਾ ਸੀ। ਡਿਗਦੇ-ਢਹਿੰਦੇ ਉਹ ਸਾਈਕਲ ਚਲਾਉਣਾ ਸਿੱਖ ਗਿਆ ਸੀ। ਜਦ ਉਹ ਸਕੂਲ ਤੋਂ ਘਰ ਨੂੰ ਪਰਤਦਾ ਤਾਂ ਕਈ ਵਾਰ ਆਪਣੇ ਪਿਉ ਅੱਗੇ ਨਵਾਂ ਸਾਈਕਲ ਖ਼ਰੀਦਣ ਦੀ ਜ਼ਿੱਦ ਕਰ ਬਹਿੰਦਾ। ਉਸ ਨੂੰ ਸਾਈਕਲ ਚਲਾਉਣ ਦਾ ਬੜਾ ਝੱਲ ਪੈ ਗਿਆ ਸੀ। ਇਕ-ਦੋ ਵਾਰ ਤਾਂ ਉਸ ਨੇ ਪਿਉ ਕੋਲੋਂ ਚੰਗੀ ਕੁੱਟ ਵੀ ਖਾਧੀ। ਦਿਨ ਨਿਕਲਦੇ ਗਏ। ਉਹ ਪੰਜਵੀਂ ਪਾਸ ਕਰ ਗਿਆ। ਛੁੱਟੀਆਂ ਖ਼ਤਮ ਹੋਣ ਦੇ ਬਾਵਜੂਦ ਉਹ ਨਵੀਂ ਕਲਾਸ 'ਚ ਪੁੱਜਾ ਤਾਂ ਸਾਰੇ ਬੱਚੇ ਬੜੇ ਖ਼ੁਸ਼ ਸਨ। ਸਕੂਲ ਤੋਂ ਘਰ ਵਾਪਸ ਆਉਂਦੇ ਬੱਚੇ ਜਦ ਸੜਕ ਪਾਰ ਕਰਦੇ ਤਾਂ ਪਹਿਲਾਂ ਨੁੱਕਰ 'ਤੇ ਹੀ ਸਬਜ਼ੀ ਮੰਡੀ ਹੁੰਦੀ ਸੀ, ਜੋ ਅੱਜਕੱਲ੍ਹ ਕਾਰਪੋਰੇਸ਼ਨ ਵਾਲਿਆਂ ਨੇ ਤੋੜ ਦਿੱਤੀ ਹੈ। ਉਸ ਮੰਡੀ ਵਿੱਚ ਹਿੰਦੂ-ਮੁਸਲਮਾਨ ਸਾਰੇ ਮਿਲ ਕੇ ਰਹਿੰਦੇ ਸਨ ਅਤੇ ਸਬਜ਼ੀ ਵੇਚਿਆ ਕਰਦੇ ਸਨ। ਜਦ ਬਲਬੀਰ ਆਪਣੇ ਘਰ ਵੱਲ ਪਰਤ ਰਿਹਾ ਸੀ ਤਾਂ ਉਸ ਨੇ ਕੁਝ ਦੋਸਤਾਂ ਨੂੰ ਮੰਡੀ ਵਿੱਚ ਖੜੋਤੇ ਵੇਖਿਆ। ਉਸ ਦਾ ਇਕ ਦੋਸਤ ਮੇਸੂ ਜਿਸ ਨੂੰ ਹੁਣ ਵੇਦ ਪ੍ਰਕਾਸ਼ ਕਹਿੰਦੇ ਹਨ, ਇਕ ਸਾਈਕਲ 'ਤੇ ਹੱਥ ਰੱਖ ਕੇ ਖੜ੍ਹਾ ਸੀ। ਬਲਬੀਰ ਵੀ ਉਹਨਾਂ ਖੜੋਤੇ ਦੋਸਤਾਂ ਕੋਲ ਪਹੁੰਚਿਆ ਤੇ ਮੇਸੂ ਨੂੰ ਪੁੱਛਣ ਲੱਗਾ 'ਕੀ ਇਹ ਸਾਈਕਲ ਤੇਰਾ ਹੈ?'

"ਮੇਸੂ ਨੇ ਝੱਟ ਹਾਂ ਕਰ ਦਿੱਤੀ। ਤਦ ਬਲਬੀਰ ਉਸ ਨੂੰ ਆਖਣ ਲੱਗਾ, 'ਦੋ ਮਿੰਟ ਵਾਸਤੇ ਸਾਈਕਲ ਦੇ ਦੇ, ਮੈਂ ਇਕ ਚੱਕਰ ਲੱਗਾ ਆਉਂਦਾ ਹਾਂ।' ਉਸ ਨੂੰ ਸਾਈਕਲ ਚਲਾਉਣ ਦਾ ਝੱਲ ਸੀ। ਮੇਸੂ ਨੇ ਕਿਹਾ, 'ਲੈ ਜਾ, ਲੈ ਜਾ।'

"ਬਸ ਫਿਰ ਕੀ ਸੀ, ਬਲਬੀਰ ਅਜੇ ਸਾਈਕਲ 'ਤੇ ਚੜ੍ਹ ਕੇ ਮੰਡੀ 'ਚੋਂ ਨਿਕਲਿਆ ਵੀ ਨਹੀਂ ਸੀ ਕਿ ਰਾਮ ਲਾਲ ਸਬਜ਼ੀ ਵਾਲਾ ਦੌੜਦਾ ਹੋਇਆ ਆਇਆ ਅਤੇ ਬਲਬੀਰ ਨੂੰ ਖਿੱਚ ਕੇ ਦੋ ਚਪੇੜਾਂ ਮਾਰਦੇ ਹੋਏ ਕਹਿਣ ਲੱਗਾ, 'ਤੇਰੀ ਇੰਨੀ ਹਿੰਮਤ ਕਿ ਤੂੰ ਸਾਡੇ ਸਾਹਮਣੇ ਹੀ ਸਾਡਾ ਸਾਈਕਲ ਚੁੱਕ ਕੇ ਭੱਜ ਰਿਹਾ ਹੈਂ।'

'ਨਹੀਂ ਚਾਚਾ ਜੀ, ਮੈਂ ਤਾਂ...'

'ਮੈਂ ਤਾਂ, ਮੈਂ ਤਾਂ ਕੀ, ਇਕ ਚੋਰੀ ਕਰਦਾ ਹੈਂ ਤੇ...।'

ਕੁਝ ਲੋਕ ਹੋਰ ਵੀ ਇਕੱਠੇ ਹੋ ਗਏ ਸਨ। ਰਾਮ ਲਾਲ ਤਾਂ ਅੱਗ-ਭਬੂਕਾ ਹੋ ਰਿਹਾ ਸੀ। ਉਹ ਕਹਿਣ ਲੱਗਾ, 'ਚੱਲ ਤੈਨੂੰ ਮੈਂ ਪੁਲਿਸ ਦੇ ਹਵਾਲੇ ਕਰਦਾ ਹਾਂ।'

'ਨਹੀਂ ਅੰਕਲ, ਮੈਂ ਚੋਰ ਨਹੀਂ ਹਾਂ।'

'ਮੈਂ ਤਾਂ...।'

'ਮੈਂ ਤਾਂ, ਮੈਂ ਤਾਂ ਕੀ...?'

'ਮੈਂ ਤਾਂ ਉਸ ਤੋਂ ਪੁੱਛ ਕੇ ਸਾਈਕਲ ਚਲਾਉਣ ਵਾਸਤੇ ਲਿਆ ਸੀ।'

ਭੀੜ ਵਿੱਚੋਂ ਆਵਾਜ਼ਾਂ ਆਉਣ ਲੱਗੀਆਂ, ਹੁਣ ਛੱਡ ਵੀ ਦਿਉ ਬੱਚਾ ਹੈ।

ਉਸ ਦੀ ਪਿੱਠ 'ਤੇ ਧੱਫਾ ਮਾਰਦੇ ਹੋਏ ਰਾਮ ਲਾਲ ਨੇ ਕਿਹਾ, 'ਦੌੜ ਜਾ ਸਹੁਰੀ ਦਿਆ, ਹੁਣ ਨਜ਼ਰ ਨਾ ਆਈਂ ਏਥੇ।'

"ਉਸ ਦੇ ਦੋਸਤ ਸਾਰਾ ਤਮਾਸ਼ਾ ਵੇਖ ਰਹੇ ਸਨ ਅਤੇ ਹੱਸੀ ਜਾ ਰਹੇ ਸਨ। ਉਹਨਾਂ ਨੂੰ ਬੜਾ ਮਜ਼ਾ ਆ ਰਿਹਾ ਸੀ। ਪਰ ਬਲਬੀਰ ਤਾਂ ਰੋਂਦਾ-ਰੋਂਦਾ ਉਸ ਦਿਨ ਘਰ ਪਹੁੰਚਿਆ ਸੀ।

"ਜਦ ਸਾਰੀ ਘਟਨਾ ਦਾ ਪਤਾ ਬਲਬੀਰ ਦੇ ਪਿਉ ਵਰਿਆਮ ਸਿੰਘ ਨੂੰ ਲੱਗਾ, ਤਾਂ ਉਸ ਨੂੰ ਬੜਾ ਬੁਰਾ ਲੱਗਿਆ ਕਿ ਸਾਈਕਲ ਪਿੱਛੇ ਮੇਰੇ ਮੁੰਡੇ ਨੂੰ ਚੋਰ ਕਿਹਾ ਅਤੇ ਕੁੱਟਿਆ। ਤਦੇ ਹੀ ਉਸ ਨੇ ਧਾਰ ਲਿਆ ਕਿ ਹੁਣ ਤਾਂ ਆਪਣੇ ਪੁੱਤ ਨੂੰ ਸਾਈਕਲ ਲੈ ਕੇ ਹੀ ਦਊਗਾ ਚਾਹੇ ਉਹ ਕੁਝ ਵੀ ਕਰੇ।

"ਸਾਡੇ ਘਰ ਦੇ ਪਿਛਵਾੜੇ ਜਿੱਥੇ ਹੁਣ ਕਮਿਊਨਿਟੀ ਸੈਂਟਰ ਹੈ, ਉੱਥੇ ਪਹਿਲਾਂ ਸਾਰੀ ਜਗ੍ਹਾ ਖ਼ਾਲੀ ਪਈ ਹੋਈ ਸੀ। ਬੜਾ ਵੱਡਾ ਗਰਾਊਂਡ ਸੀ। ਉਸ ਵਕਤ ਤਾਂ ਸ਼ਾਮ ਪੈਂਦੇ ਹੀ ਗਊਆਂ-ਮੱਝਾਂ ਧੂੜ ਉਡਾਉਂਦੀਆਂ ਆਉਂਦੀਆਂ ਸਨ। ਔਰਤਾਂ ਤਾਂ ਗੋਹੇ ਲਗਾ ਕੇ ਮੈਦਾਨ ਦੀ ਕਾਫ਼ੀ ਜਗ੍ਹਾ ਘੇਰ ਲੈਂਦੀਆਂ ਸਨ। ਸ਼ਾਮ ਹੁੰਦੇ ਹੀ ਪੰਛੀਆਂ ਦੀ ਚਹਿਚਹਾਟ ਵੀ ਬੜੀ ਚੰਗੀ ਲੱਗਦੀ ਸੀ। ਹੁਣ ਤਾਂ ਕੋਈ ਥਾਂ ਹੀ ਨਹੀਂ ਰਹਿ ਗਈ। ਗਊਆਂ ਤੇ ਮੱਝਾਂ ਵੀ ਏਥੇ ਨਹੀਂ ਆਉਂਦੀਆਂ। ਸਰਕਾਰ ਨੇ ਸ਼ਹਿਰੋਂ ਬਾਹਰ ਜੋ ਕੱਢ ਦਿੱਤੀਆਂ ਹਨ। ਹੁਣ ਤਾਂ ਕੋਈ ਚਿੜੀ ਵੀ ਨਹੀਂ ਚਹਿਕਦੀ ਦਿਖਾਈ ਦੇਂਦੀ। ਕਦੇ ਕਾਨੇ ਲਗੇ ਨਜ਼ਰ ਆਉਂਦੇ ਸਨ, ਕਦੇ ਝਾੜੀਆਂ ਅਤੇ ਫੁੱਲ। ਹੁਣ ਤਾਂ ਪੱਕੀਆਂ ਸੜਕਾਂ ਬਣ ਗਈਆਂ ਹਨ। ਲੰਘਣ ਦੀ ਥਾਂ ਹੀ ਨਹੀਂ। ਹੁਣ ਤਾਂ ਸ਼ਾਮ ਨੂੰ ਆਵਾਰਾਗਰਦ ਮੁੰਡੇ ਮੋਟਰ ਸਾਈਕਲਾਂ 'ਤੇ ਸਟੰਟ ਕਰਦੇ ਹਨ।"

ਓਦੋਂ ਤੱਕ ਬਲਬੀਰ ਵੀ ਆਪਣਾ ਕੰਮ ਖ਼ਤਮ ਕਰਕੇ ਉੱਥੇ ਆ ਗਿਆ। ਸੋਨੂੰ ਦੇ ਰੋਣ ਦੀ ਆਵਾਜ਼ ਵੀ ਆਉਣ ਲੱਗੀ। ਪਤਾ ਲੱਗਿਆ ਕਿ ਉਹ ਵੀ ਸੌਂ ਕੇ ਉੱਠ ਚੁੱਕਾ ਹੈ।

"ਕੀ ਗੱਲ ਗੁਰਪ੍ਰੀਤ, ਸਾਨੂੰ ਕੁਝ ਨਹੀਂ ਦੇਣਾ?" ਬਲਬੀਰ ਨੇ ਆਖਿਆ।

ਮੱਥੇ 'ਤੇ ਹੱਥ ਰੱਖਦੀ ਹੋਈ ਬੋਲੀ, "ਓ-ਹੋ, ਗੱਲਾਂ-ਗੱਲਾਂ ਵਿੱਚ ਤੁਹਾਡੀ ਚਾਹ ਤਾਂ ਪਈ-ਪਈ ਠੰਢੀ ਹੀ ਹੋ ਗਈ, ਤੁਹਾਨੂੰ ਦੇਣੀ ਯਾਦ ਹੀ ਨਹੀਂ ਰਹੀ।"

"ਹਾਂ ਕਿਉਂ ਯਾਦ ਰਹੂਗੀ, ਲੜਨ ਤੋਂ ਫੁਰਸਤ ਮਿਲੇ, ਤਾਂ ਨਾ।"

"ਮੈਂ ਕਦ ਲੜਨੀ ਆਂ ਜੀ ਤੁਹਾਡੇ ਨਾਲ। ਤੁਹਾਡੇ ਕੋਲੋਂ ਕੁਝ ਵੀ ਪੁੱਛੋ, ਤਾਂ ਤੁਸੀਂ ਠੀਕ ਤਰ੍ਹਾਂ ਦੱਸਦੇ ਹੀ ਨਹੀਂ।"

"ਚੰਗਾ ਜਾਹ, ਚਾਹ ਗਰਮ ਕਰ ਲਿਆ, ਪਾਪੜ ਵੀ ਲੈ ਆਈਂ।"

"ਹੋਰ ਬੀਬੀ ਜੀ! ਤੁਸੀਂ ਸੁਣਾਓ ਕੀ ਹਾਲ ਏ?"

"ਠੀਕ ਹੈ ਪੁੱਤ! ਹੁਣ ਸਾਡੀ ਜ਼ਿੰਦਗੀ ਤਾਂ ਦਵਾਈਆਂ 'ਤੇ ਹੀ ਚੱਲੂ।"

"ਲਉ ਜੀ, ਤੁਸੀਂ ਵੀ ਚਾਹ ਲਉ।" ਕਹਿੰਦੀ ਹੋਈ ਗੁਰਪ੍ਰੀਤ ਵੀ ਆ ਗਈ।

"ਬੜੀ ਜਲਦੀ ਲੈ ਆਈ ਏਂ।"

"ਮੈਂ ਕਿਹੜਾ ਹਲ ਵਾਹੁਣਾ ਸੀ। ਚਾਹ ਹੀ ਤਾਂ ਗਰਮ ਕਰਨੀ ਸੀ, ਕਰ ਕੇ ਲੈ ਆਈ।" ਫਿਰ ਉਹ ਬੀਬੀ ਜੀ ਵੱਲ ਮੂੰਹ ਕਰਕੇ ਕਹਿਣ ਲੱਗੀ, "ਹਾਂ, ਹੁਣ ਦੱਸੋ ਬੀਬੀ ਜੀ!"

"ਹੁਣ ਤਾਂ ਇਹ ਬਲਬੀਰ ਹੀ ਦੱਸੂ ਤੈਨੂੰ, ਮੈਂ ਤਾਂ ਚੱਲੀ ਆਂ ਆਪਣੇ ਪੋਤੇ ਕੋਲ।"

"ਕੀ ਦੱਸਣਾ ਏ ਬੇਬੇ?"

"ਇਸ ਨੂੰ ਉਹ ਤੇਰੇ ਪਿਉ ਦੀ ਸਾਈਕਲ ਦੀ ਸਵਾਰੀ ਤੋਂ ਇਨਾਮ ਜਿੱਤਣ ਦੀ ਗੱਲ ਦੱਸਣੀ ਏ।"

"ਚੰਗਾ, ਚੰਗਾ।"

"ਕਿਉਂ ਜੀ, ਹੁਣ ਤੁਸੀਂ ਦੱਸੋਗੇ, ਜਾਂ ਫਿਰ...?"

"ਹਾਂ ਦੱਸਦਾਂ, ਮੇਰੀ ਮਾਂ, ਦੱਸਦਾਂ।"

"ਮਾਂ ਤਾਂ ਤੁਹਾਡੀ ਉੱਧਰ ਬੈਠੀ ਹੈ।"

ਤਦੇ ਹਾਸੇ-ਹਾਸੇ ਵਿੱਚ ਗੱਲ ਸ਼ੁਰੂ ਹੋ ਗਈ।

"ਚੰਗਾ ਬਾਬਾ, ਸੁਣ :

"ਉਹ ਦਿਨ ਤਾਂ ਮੈਂ ਅੱਜ ਵੀ ਨਹੀਂ ਭੁੱਲ ਸਕਦਾ। ਸਾਡੇ ਸਾਰੇ ਮੁਹੱਲੇ ਵਿੱਚ ਇਹ ਢੰਡੋਰਾ ਢੋਲ ਵਜਾ ਕੇ ਪਿੱਟਿਆ ਗਿਆ ਸੀ ਕਿ ਜਿਹੜਾ ਤਿੰਨ ਦਿਨ ਲਗਾਤਾਰ, ਮਤਲਬ ਕਿ ਬਹੱਤਰ ਘੰਟੇ ਸਾਈਕਲ ਚਲਾਊਗਾ, ਉਸ ਨੂੰ ਇਕ ਹਜ਼ਾਰ ਰੁਪਏ ਇਨਾਮ ਵਜੋਂ ਦਿੱਤੇ ਜਾਣਗੇ। ਉਸ ਵਕਤ ਇਕ ਹਜ਼ਾਰ ਰੁਪਿਆ ਬਹੁਤ ਹੁੰਦਾ ਸੀ। ਅੱਜ ਤਾਂ ਲਾਊਡ ਸਪੀਕਰ ਹਨ, ਢੋਲ ਤੇ ਢੰਡੋਰਾ ਪਿੱਟਣਾ ਤਾਂ ਅੱਜ ਦੂਰ ਦੀ ਗੱਲ ਹੋ ਗਈ ਹੈ। ਅੱਜ ਤਾਂ ਪੋਸਟਰ ਲਗਾਏ ਜਾਂਦੇ ਹਨ। ਵੱਡੇ-ਵੱਡੇ ਬੈਨਰ ਲੱਗਦੇ ਹਨ। ਟੈਲੀਵਿਜ਼ਨ 'ਤੇ ਇਸ਼ਤਿਹਾਰ ਦਿੱਤੇ ਜਾਂਦੇ ਹਨ। ਉਸ ਵਕਤ ਤਾਂ ਇਹ ਸਭ ਕੁਝ ਨਹੀਂ ਸੀ। ਖ਼ੈਰ

ਜੋ ਵੀ ਹੈ। ਇਹ ਢੰਡੋਰਾ ਸੁਣ ਕੇ ਮੇਰੇ ਪਾਪਾ ਜੀ ਨੇ ਮੁਕਾਬਲੇ ਲਈ ਆਪਣਾ ਨਾਮ ਲਿਖਵਾ ਦਿੱਤਾ। ਬਸ ਫਿਰ ਕੀ ਸੀ, ਮੁਕਾਬਲੇ ਦਾ ਦਿਨ ਵੀ ਆ ਗਿਆ। ਚਾਰ ਬੰਦੇ ਸਨ ਮੁਕਾਬਲੇ ਵਿੱਚ, ਜਿਨ੍ਹਾਂ ਵਿੱਚੋਂ ਦੋ ਨੇ ਤਾਂ ਪਹਿਲੇ ਦਿਨ ਹੀ ਜਵਾਬ ਦੇ ਦਿੱਤਾ ਤੇ ਤੀਜਾ ਜਿਹੜਾ ਸੀ, ਦੋ ਦਿਨ ਪੂਰੇ ਕਰਦਿਆਂ ਹੀ ਢਹਿ ਪਿਆ। ਮੇਰੀ ਬੇਬੇ ਕਦੇ ਮੇਰੇ ਪਿਉ ਦੀਆਂ ਅੱਖਾਂ 'ਤੇ ਪਾਣੀ ਪਾਉਂਦੀ, ਤੌਲੀਏ ਨਾਲ ਉਸ ਦੇ ਪਿੰਡ ਤੇ ਆਇਆ ਪਸੀਨਾ ਪੂੰਝਦੀ, ਖਾਣ-ਪੀਣ ਲਈ ਤਾਂ ਘੱਟ ਹੀ ਦਿੱਤਾ ਜਾਂਦਾ। ਹਰੀਆਂ ਮਿਰਚਾਂ ਕਿਉਂ ਖਾਂਦੇ ਸਨ ਇਹ ਮੈਨੂੰ ਨਹੀਂ ਪਤਾ। ਮੈਂ ਤਾਂ ਬਹੁਤ ਛੋਟਾ ਸਾਂ। ਤੀਜੇ ਦਿਨ ਪਿਤਾ ਜੀ ਨੂੰ ਤਾਂ ਲੋਕਾਂ ਨੇ ਹਾਰ ਪਾ-ਪਾ ਕੇ ਉਹਨਾਂ ਦਾ ਹੌਂਸਲਾ ਵਧਾਉਣਾ ਸ਼ੁਰੂ ਕਰ ਦਿੱਤਾ। ਉਸ ਦਿਨ ਤਾਂ ਪੂਰੀ ਰੌਣਕ ਸੀ, ਜਿਵੇਂ ਕਿ ਮੇਲਾ ਲੱਗਾ ਹੋਇਆ। ਮੋਢੇ ਨਾਲ ਮੋਢਾ ਖਹਿ ਰਿਹਾ ਸੀ। ਇਕ ਨਿਵੇਕਲੀ ਜਿਹੀ ਸਟਾਲ ਉੱਤੇ ਬਹੁਤ ਸਾਰਾ ਭੁਕਾਨੇ ਭਰ ਕੇ ਟੰਗੇ ਹੋਏ ਸਨ। ਜਿਉਂ-ਜਿਉਂ ਸਮਾਂ ਪੂਰਾ ਹੋਣ ਦੇ ਨਜ਼ਦੀਕ ਆ ਰਿਹਾ ਸੀ, ਰਿਕਾਰਡ ਜ਼ੋਰ ਦਾ ਵੱਜਦਾ, ਸੰਗੀਤ ਚਲਦਾ ਰਿਹਾ, ਭੀੜ ਵੀ ਵਧਦੀ ਰਹੀ। ਸਮਾਂ ਪੂਰਾ ਹੋਇਆ ਤਾਂ ਤਾੜੀਆਂ ਦੀ ਗੂੰਜ ਵਿੱਚ ਮੇਰੇ ਪਾਪਾ ਵਰਿਆਮ ਸਿੰਘ ਜੀ ਨੂੰ ਇਕ ਹਜ਼ਾਰ ਰੁਪਏ ਦਾ ਇਨਾਮ ਮਿਲਿਆ। ਉਹਨਾਂ ਦੀ ਹਾਲਤ ਠੀਕ ਨਹੀਂ ਸੀ ਉਹਨਾਂ ਦੇ ਹੱਥ ਪੈਰ ਸੁੱਜ ਗਏ ਸਨ ਅਤੇ ਪੈਰਾਂ ਵਿੱਚ ਛਾਲੇ ਪਏ ਹੋਏ ਸਨ। ਫਿਰ ਵੀ ਥੋੜ੍ਹਾ ਆਰਾਮ ਕਰਕੇ ਮੇਰੇ ਨਾਲ ਬਜ਼ਾਰ ਗਏ ਅਤੇ ਮੈਨੂੰ ਇਕ ਨਵਾਂ ਸਾਈਕਲ ਖ਼ਰੀਦ ਕੇ ਦਿਵਾ ਦਿੱਤਾ। ਮੈਂ ਕਿਹਾ, 'ਪਾਪਾ ਜੀ! ਤੁਸੀਂ ਇਹ ਸਭ ਕੁਝ ਕਿਉਂ ਕੀਤਾ? ਆਪਣੀ ਹਾਲਤ ਤਾਂ ਵੇਖੋ।" ਉਹ ਕਹਿਣ ਲੱਗੇ, 'ਓ ਪੁੱਤਰਾ, ਬੱਚਿਆਂ ਦੀ ਖ਼ੁਸ਼ੀ ਵਿੱਚ ਹੀ ਮਾਂ-ਪਿਉ ਦੀ ਖ਼ੁਸ਼ੀ ਹੁੰਦੀ ਹੈ। ਬੱਚੇ ਦੁਖੀ ਹੋਣ ਤਾਂ ਮਾਂ-ਪਿਉ ਵੀ ਦੁਖੀ ਹੁੰਦੇ ਹਨ। ਪੁੱਤ ਤਾਂ ਪਿਉ ਦੀ ਸ਼ਾਨ ਹੁੰਦਾ ਹੈ। ਪਿਉ ਦਾ ਫ਼ਰਜ਼ ਪੁੱਤਰ ਦੀਆਂ ਇੱਛਾਵਾਂ ਨੂੰ ਪੂਰਾ ਕਰਨਾ ਹੁੰਦਾ ਹੈ। ਫਿਰ ਤੂੰ ਤਾਂ ਮੇਰਾ ਸਿਆਣਾ ਪੁੱਤਰ ਹੈਂ। ਤਾਂ ਹੀ ਤਾਂ ਇਹ ਸਾਈਕਲ ਤੇਰੇ ਲਈ ਹੈ। ਹੁਣ ਕਿਸੇ ਕੋਲੋਂ ਮੰਗਣ ਦੀ ਜ਼ਰੂਰਤ ਨਹੀਂ। ਜਾ ਸਾਈਕਲ ਚਲਾ, ਮੈਂ ਵੀ ਤਾਂ ਦੇਖਾਂ।" ਜਦ ਮੈਨੂੰ ਸਾਈਕਲ ਚਲਾਂਦੇ ਹੋਏ ਵੇਖਿਆ, ਤਾਂ ਖ਼ੁਸ਼ੀ 'ਚ ਹੀ ਡਿਗ ਪਏ। ਤਦ ਮੈਨੂੰ ਸਮਝ ਨਹੀਂ ਆਈ। ਜਦ ਸਮਝ ਆਈ ਤਾਂ ਬੜੀ ਦੇਰ ਹੋ ਚੁੱਕੀ ਸੀ। ਇਹ ਉਹੀ ਸਾਈਕਲ ਹੈ, ਜਿਸ ਨੂੰ ਤੂੰ ਵਾਰ-ਵਾਰ ਕੱਢਣ ਨੂੰ ਕਹਿੰਦੀ ਹੈਂ। ਮੇਰੇ ਵਾਸਤੇ ਇਹ ਸਾਈਕਲ ਹੀ ਨਹੀਂ, ਮੇਰੇ ਪਿਉ ਦੀ ਮਿਹਨਤ, ਇਨਾਮ, ਜਜ਼ਬਾਤ ਅਤੇ ਮੇਰੇ ਪ੍ਰਤੀ ਉਹਨਾਂ ਦੇ ਪਿਆਰ ਦੀ ਨਿਸ਼ਾਨੀ ਹੈ।

17/30, ਗੀਤਾ ਕਾਲੋਨੀ, ਦਿੱਲੀ-110031

ਗ਼ਜ਼ਲ/ਜਸਵਿੰਦਰ ਸਿੰਘ 'ਰੂਪਾਲ'

ਜਦ ਜਦ ਵੀ ਆਣ ਖਲੋਇਆ ਹਾਂ, ਬੋਹੜ ਦੀ ਠੰਡੀ ਛਾਂ ਥੱਲੇ।
ਫੁੱਲ ਵਰਗਾ ਹੌਲਾ ਹੋਇਆ ਹਾਂ, ਬੋਹੜ ਦੀ ਠੰਡੀ ਛਾਂ ਥੱਲੇ।
ਫ਼ਿਕਰ ਤੇ ਜ਼ੁੰਮੇਵਾਰੀ ਦੀ, ਪੰਡ ਆਪਣੇ ਸਿਰ ਤੋਂ ਲਾਹ ਕੇ ਤੇ,
ਆ ਮਿੱਠੀ ਨੀਂਦਰ ਸੌਂਇਆ ਹਾਂ, ਬੋਹੜ ਦੀ ਠੰਡੀ ਛਾਂ ਥੱਲੇ।
ਮੰਜ਼ਲ ਜਦ ਦੂਰੋਂ ਨਜ਼ਰ ਪਈ, ਕੋਈ ਅਜ਼ਬ ਨਜ਼ਾਰਾ ਮਿਲਿਆ ਤਦ,
ਖ਼ੁਸ਼ੀਆਂ ਵਿੱਚ ਖੀਵਾ ਹੋਇਆ ਹਾਂ, ਬੋਹੜ ਦੀ ਠੰਡੀ ਛਾਂ ਥੱਲੇ।
ਦਿਲ ਜਦ ਵੀ ਹੈ ਉਪਰਾਮ ਹੋਇਆ, ਕੋਈ ਯਾਦ ਪਟਾਰੀ ਖੋਲ੍ਹ ਲਈ,
ਤੇ ਖ਼ਾਬਾਂ ਅੰਦਰ ਖੋਇਆ ਹਾਂ, ਬੋਹੜ ਦੀ ਠੰਡੀ ਛਾਂ ਥੱਲੇ।
ਜੱਗ ਕੋਲੋਂ ਮੁੱਖ ਭਵਾ ਕੇ ਤੇ, ਦਰਦਾਂ ਦਾ ਹਾਣੀ ਹੋ ਬਹਿੰਦਾ,
ਮੈਂ ਛਲ ਛਲ ਅੱਥਰੂ ਰੋਇਆ ਹਾਂ, ਬੋਹੜ ਦੀ ਠੰਡੀ ਛਾਂ ਥੱਲੇ।
ਇਹ ਪ੍ਰੀਤਾਂ ਵਾਲੀ ਗਾਨੀ ਦਾ, ਹੈ ਇਕ ਇਕ ਮਣਕਾ ਆਖ ਰਿਹਾ,
ਮੈਂ ਗਿਆ 'ਰੁਪਾਲ' ਪਰੋਇਆ ਹਾਂ, ਬੋਹੜ ਦੀ ਠੰਡੀ ਛਾਂ ਥੱਲੇ।

162, ਗਲੀ ਨੰਬਰ 3, ਸ਼ਹੀਦ ਜਸਦੇਵ ਸਿੰਘ ਨਗਰ,
ਡਾਕ: ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਗਿੱਲ ਰੋਡ, ਲੁਧਿਆਣਾ-141006

ਗੀਤ

ਕਿੰਝ ਮਿਲੀ ਸਾਨੂੰ ਆਜ਼ਾਦੀ

ਬਲਵਿੰਦਰ 'ਬਾਲਮ'

ਪੁੱਤਰਾਂ ਦੀ ਕੁਰਬਾਨੀ ਨੂੰ ਝੋਲੀ ਵਿੱਚ ਪਾਇਆ ਮਾਂਵਾਂ।
ਕਿੰਝ ਮਿਲੀ ਸਾਨੂੰ ਆਜ਼ਾਦੀ ਉਸ ਦਾ ਹਾਲ ਸੁਣਾਵਾਂ।

ਰਾਜਗੁਰੂ, ਸੁਖਦੇਵ, ਭਗਤ ਸਿੰਘ ਭਾਰਤ ਮਾਂ ਦੇ ਜਾਏ।
ਦੇ ਕੇ ਖ਼ੂਨ ਕ੍ਰਾਂਤੀ ਵਾਲਾ ਸਿਰ ਤੇ ਤਾਜ ਸਜਾਏ।
ਉਹਨਾਂ ਕਰਕੇ ਅੱਜ ਜੱਗ ਉੱਤੇ ਸੁੰਦਰ ਸੁੰਦਰ ਰਾਵ੍ਹਾਂ।
ਕਿੰਝ ਮਿਲੀ ਸਾਨੂੰ ਆਜ਼ਾਦੀ ਉਸ ਦਾ ਹਾਲ ਸੁਣਾਵਾਂ।

ਨਹਿਰੂ, ਲਾਜਪਤ ਰਾਇ, ਮਹਾਤਮਾ ਗਾਂਧੀ ਦੇ ਸੰਗਰਾਮ ਨੇ।
ਊਧਮ ਸਿੰਘ, ਸੁਭਾਸ਼ ਚੰਦਰ, ਕੂਕਾ ਲਹਿਰ ਦੇ ਕੁਹਰਾਮ ਨੇ।
ਧੁੱਪਾਂ ਚੀਰ ਕੇ ਪੈਦਾ ਕੀਤੀਆਂ ਠੰਡੀਆਂ ਛਾਂਵਾਂ।
ਕਿੰਝ ਮਿਲੀ ਸਾਨੂੰ ਆਜ਼ਾਦੀ ਉਸ ਦਾ ਹਾਲ ਸੁਣਾਵਾਂ।

ਸੰਨ ਸੰਤਾਲੀ ਦੀ ਵੰਡ ਪਾਈ ਸੀ ਅੰਗਰੇਜ਼ਾਂ ਆ ਕੇ।
ਪਾਕਿ-ਹਿੰਦ 'ਚ ਭਾਈ ਵੰਡੇ ਕ਼ਤਲੋ-ਗ਼ਾਰਤ ਪਾ ਕੇ।
ਲੁੱਟੀਆਂ ਗਈਆਂ ਆਪਸ ਦੇ ਵਿੱਚ ਸੱਧਰਾਂ ਰੀਝਾਂ ਆਹਾਂ।
ਕਿੰਝ ਮਿਲੀ ਸਾਨੂੰ ਆਜ਼ਾਦੀ ਉਸ ਦਾ ਹਾਲ ਸੁਣਾਵਾਂ।

ਕਾਨੂੰਨ ਵਿਵਸਥਾ ਦਾ ਸੰਵਿਧਾਨ ਅੰਬੇਦਕਰ ਨੇ ਬਣਾਇਆ।
ਭਾਰਤ ਮਾਂ ਨੂੰ ਸੱਭਿਆਚਾਰ 'ਚ ਦੁਲਹਨ ਵਾਂਗ ਸਜਾਇਆ।
ਆਪਣਾ ਫੇਰ ਤਿਰੰਗਾ ਉੱਚਾ ਸਰਹੱਦ ਉੱਤੇ ਲਹਿਰਾਵਾਂ।
ਕਿੰਝ ਮਿਲੀ ਸਾਨੂੰ ਆਜ਼ਾਦੀ ਉਸ ਦਾ ਹਾਲ ਸੁਣਾਵਾਂ।

ਇਸ ਦੇ ਸੱਚੇ ਪੁੱਤਰਾਂ ਇਸ ਦੀ ਸ਼ਾਨ ਵਧਾ ਕੇ ਦੱਸੀ।
ਅੰਬਰ ਤੀਕ ਤਰੱਕੀ ਇਸ ਦੀ ਹੋਰ ਉਠਾ ਕੇ ਦੱਸੀ।
ਵੱਖ-ਵੱਖ ਧਰਮਾਂ ਜਾਤੀ ਦੀਆਂ ਇਕ ਤਨ ਉੱਤੇ ਬਾਂਹਵਾਂ।
ਕਿੰਝ ਮਿਲੀ ਸਾਨੂੰ ਆਜ਼ਾਦੀ ਉਸ ਦਾ ਹਾਲ ਸੁਣਾਵਾਂ।

ਲੱਖਾਂ ਦੇਸ਼ਭਗਤ ਸੀ ਹੋਏ ਇਸ ਉੱਤੋ ਕੁਰਬਾਨ।
'ਬਾਲਮ' ਫਿਰ ਜਾ ਕੇ ਬਣਿਆ ਸੀ ਮੇਰਾ ਭਾਰਤ ਮਹਾਨ।
ਭਾਰਤ ਮਾਂ ਦੇ ਮੱਥੇ ਉੱਤੇ ਸੂਰਜ ਦਾ ਤਿਲਕ ਲਗਾਵਾਂ।
ਕਿੰਝ ਮਿਲੀ ਸਾਨੂੰ ਆਜ਼ਾਦੀ ਉਸ ਦਾ ਹਾਲ ਸੁਣਾਵਾਂ।

ਓਂਕਾਰ ਨਗਰ, ਗੁਰਦਾਸਪੁਰ-143521 (ਪੰਜਾਬ)

ਜਨਮ ਦਿਵਸ ਤੇ ਵਿਸ਼ੇਸ਼

ਕਵਿਤਾ ਦੇ ਰੰਗ ਅੰਮ੍ਰਿਤਾ ਪ੍ਰੀਤਮ ਦੇ ਸੰਗ

1. ਕੁਕਨੂਸ

ਲਿਖ ਜਾ ਮੇਰੀ ਤਕਦੀਰ ਨੂੰ ਮੇਰੇ ਲਈ
ਮੈਂ ਜੀਅ ਰਹੀ ਤੇਰੇ ਬਿਨਾਂ ਤੇਰੇ ਲਈ

ਹਰ ਚੰਦਉਰੀ ਹਰ ਘੜੀ ਬਣਦੀ ਰਹੀ
ਹਰ ਚੰਦਉਰੀ ਹਰ ਘੜੀ ਮਿਟਦੀ ਰਹੀ

ਦੂਧੀਆ ਚਾਨਣ ਵੀ ਅੱਜ ਹੱਸਦੇ ਨਹੀਂ
ਬੇ ਬਹਾਰੇ ਫਲ ਜਿਵੇਂ ਰਸਦੇ ਨਹੀਂ

ਉਮਰ ਭਰ ਦਾ ਇਸ਼ਕ ਬੇ ਆਵਾਜ਼ ਹੈ
ਹਰ ਮੇਰਾ ਨਗਮਾ, ਮੇਰੀ ਆਵਾਜ਼ ਹੈ

ਹਰਫ਼ ਮੇਰੇ ਤੜਪ ਉੱਠਦੇ ਹਨ ਇਵੇਂ
ਸੁਲਗਦੇ ਹਨ ਰਾਤ ਭਰ ਤਾਰੇ ਜਿਵੇਂ

ਉਮਰ ਮੇਰੀ ਬੇ-ਵਫ਼ਾ ਮੁੱਕਦੀ ਪਈ
ਰੂਹ ਮੇਰੀ ਬੇਚੈਨ ਹੈ ਤੇਰੇ ਲਈ

ਕੁਕਨੂਸ ਦੀਪਕ ਰਾਗ ਨੂੰ ਅੱਜ ਗਾਏਗਾ
ਇਸ਼ਕ ਦੀ ਇਸ ਲਾਟ 'ਤੇ ਬਲ ਜਾਏਗਾ

ਸੁਪਨਿਆਂ ਨੂੰ ਚੀਰ ਕੇ ਆ ਜਾ ਜ਼ਰਾ
ਰਾਤ ਬਾਕੀ ਬਹੁਤ ਹੈ ਨਾ ਜਾ ਜ਼ਰਾ

ਰਾਖ ਹੀ ਇਸ ਰਾਗ ਦਾ ਅੰਜਾਮ ਹੈ
ਕੁਕਨੂਸ ਦੀ ਇਸ ਰਾਖ ਨੂੰ ਪ੍ਰਣਾਮ ਹੈ

ਰੱਜ ਕੇ ਅੰਬਰ ਜਦੋਂ ਫਿਰ ਰੋਏਗਾ
ਫਿਰ ਨਵਾਂ ਕੁਕਨੂਸ ਪੈਦਾ ਹੋਏਗਾ...

2. ਫੇਰ ਤੈਨੂੰ ਯਾਦ ਕੀਤਾ

ਫੇਰ ਤੈਨੂੰ ਯਾਦ ਕੀਤਾ
ਅੱਗ ਨੂੰ ਚੁੰਮਿਆਂ ਅਸਾਂ

ਇਸ਼ਕ ਪਿਆਲਾ ਜ਼ਹਿਰ ਦਾ
ਇਕ ਘੁੱਟ ਫਿਰ ਮੰਗਿਆ ਅਸਾਂ...

ਘੋਲ ਕੇ ਸੂਰਜ ਅਸਾਂ
ਧਰਤੀ ਨੂੰ ਡੋਬਾ ਦੇ ਲਿਆ
ਤਾਰਿਆਂ ਦੇ ਨਾਲ ਕੋਠਾ
ਗਗਨ ਦਾ ਲਿੰਬਿਆ ਅਸਾਂ...

ਦਿਲ ਦੇ ਇਸ ਦਰਿਆਉ ਨੂੰ
ਅੱਜ ਪਾਰ ਕਰਨਾ ਹੈ ਅਸਾਂ
ਏਸ ਡਾਢੇ ਜੱਗ ਦੇ —
ਲਹਿੰਗੇ ਨੂੰ ਫਿਰ ਛੁੰਗਿਆ ਅਸਾਂ...

ਫੇਰ ਚੰਬਾ ਸੁਪਨਿਆਂ ਦਾ
ਰਾਤ ਭਰ ਖਿੜਦਾ ਰਿਹਾ
ਇਸ਼ਕ ਦੀ ਇਸ ਧੁਣਖੁਣੀ 'ਤੇ
ਉਮਰ ਨੂੰ ਪਿੰਜਿਆ ਅਸਾਂ...

3. ਚਾਨਣ ਦੀ ਫੁਲਕਾਰੀ

ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ!

ਅੰਬਰ ਦਾ ਇਕ ਆਲਾ ਸੂਰਜ ਬਾਲ ਦਿਆਂ
ਮਨ ਦੀ ਉੱਚੀ ਮਮਟੀ ਦੀਵਾ ਕੌਣ ਧਰੇ!
ਅੰਬਰ-ਗੰਗਾ ਹੁੰਦੀ ਗਾਗਰ ਭਰ ਦੇਂਦੀ
ਦਰਦਾਂ ਦਾ ਦਰਿਆਉ ਕਿਹੜਾ ਘੁੱਟ ਭਰੇ!

ਇਹ ਜੁ ਸਾਨੂੰ ਅੱਗ ਰਾਖਵੀਂ ਦੇ ਚੱਲਿਉਂ
ਦਿਲ ਦੀ ਬੁੱਕਲ ਬਲਦੀ ਚਿਣਗਾਂ ਕੌਣ ਜਰੇ!

ਆਪਣੇ ਵੱਲੋਂ ਸਾਰੀ ਬਾਤ ਮੁਕਾ ਬੈਠੇ
ਹਾਲੇ ਵੀ ਇਕ ਹਉਕਾ ਤੇਰੀ ਗੱਲ ਕਰੇ!

ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ!

4. ਵਾਹ ਸੱਜਣ



ਸੱਚ ਤੂੰ — ਸੁਪਨਾ ਵੀ ਤੂੰ
ਗ਼ੈਰ ਤੂੰ — ਅਪਨਾ ਵੀ ਤੂੰ

ਵਾਹ ਸੱਜਣ...ਵਾਹ ਸੱਜਣ...

ਖ਼ੁਦਾ ਦਾ ਇਕ ਅੰਦਾਜ਼ ਤੂੰ
ਕਿ ਫਜ਼ਰ ਦੀ ਨਮਾਜ਼ ਤੂੰ
ਜੱਗ ਦਾ ਇਨਕਾਰ ਤੂੰ
ਤੇ ਅਜ਼ਲ ਦਾ ਇਕਰਾਰ ਤੂੰ

ਵਾਹ ਸੱਜਣ...ਵਾਹ ਸੱਜਣ...

ਫ਼ਾਨੀ ਹੁਸਨ ਦਾ ਨਾਜ਼ ਤੂੰ
ਕਿ ਰੂਹ ਦੀ ਇਕ ਆਵਾਜ਼ ਤੂੰ
ਜੋਗ ਦਾ ਇਕ ਰਾਹ ਵੀ ਤੂੰ
ਇਸ਼ਕ ਦੀ ਦਰਗਾਹ ਵੀ ਤੂੰ

ਵਾਹ ਸੱਜਣ...ਵਾਹ ਸੱਜਣ...

ਆਸ਼ਕ ਦੀ ਇਕ ਸਦਾ ਵੀ ਤੂੰ
ਅੱਲਾ ਦੀ ਇਕ ਰਜ਼ਾ ਵੀ ਤੂੰ
ਇਹ ਸਾਰੀ ਕਾਇਨਾਤ ਤੂੰ
ਖ਼ੁਦਾ ਦੀ ਮੁਲਾਕਾਤ ਤੂੰ

ਵਾਹ ਸੱਜਣ...ਵਾਹ ਸੱਜਣ...

5. ਰੱਬ ਖ਼ੈਰ ਕਰੇ

ਰੱਬ ਖ਼ੈਰ ਕਰੇ ਮੇਰੇ ਵੇਹੜੇ ਦੀ
ਕਿ ਜਿਸ ਥਾਂ ਰਾਂਝਣ ਡੇਰਾ ਕੀਤਾ
ਉੱਥੇ ਧਮਕ ਸੁਣੀਂਦੀ ਖੇੜੇ ਦੀ...

ਅੱਜ ਚਾਰੋਂ ਕੰਧਾਂ ਦੇਣ ਦੁਹਾਈਆਂ
ਕਿ ਅੱਜ ਮਲਕੀ ਦੀ ਬੁੱਕਲ ਵਿੱਚੋਂ
ਦੁੱਧ ਦੀਆਂ ਬੂੰਦਾਂ ਕਿਹਨੇ ਚੁਰਾਈਆਂ...
ਰੱਬ ਖ਼ੈਰ ਕਰੇ ਮੇਰੇ ਵੇਹੜੇ ਦੀ...

ਅੱਜ ਬੇਲੇ ਦੀਆਂ ਮੱਝੀਂ ਰੋਈਆਂ
ਕਿ ਅੱਜ ਇਸ ਮੇਰੀ ਦੋਹਣੀ ਦੇ ਵਿੱਚ
ਕਿਸ ਨੇ ਲਹੂ ਦੀਆਂ ਧਾਰਾਂ ਚੋਈਆਂ...
ਰੱਬ ਖ਼ੈਰ ਕਰੇ ਮੇਰੇ ਵੇਹੜੇ ਦੀ...

ਅੱਜ ਹਰ ਇਕ ਬਸਤਾ ਪੁੱਛਣ ਆਇਆ
ਕਿ ਅੱਜ ਮੇਰੇ ਮਦਰੱਸੇ ਵਿੱਚੋਂ
ਸੱਚ ਦਾ ਅੱਖਰ ਕਿਹਨੇ ਛੁਪਾਇਆ...
ਰੱਬ ਖ਼ੈਰ ਕਰੇ ਮੇਰੇ ਵੇਹੜੇ ਦੀ...

6. ਪੰਜਵਾਂ ਚਿਰਾਗ਼

ਨਾ ਕੋਈ ਵੁਜੂ ਤੇ ਨਾ ਕੋਈ ਸਜਦਾ
ਨਾ ਮੰਨਤ ਮੰਗਣ ਆਈ
ਚਾਰ ਚਿਰਾਗ਼ ਤੇਰੇ ਬਲਣ ਹਮੇਸ਼ਾਂ
ਮੈਂ ਪੰਜਵਾਂ ਬਾਲਣ ਆਈ...

—

ਦੁੱਖਾਂ ਦੀ ਘਾਣੀ ਮੈਂ ਤੇਲ ਕਢਾਇਆ
ਮੱਥੇ ਦੀ ਤਿਉੜੀ — ਇਕ ਰੂੰ ਦੀ ਬੱਤੀ
ਮੈਂ ਮੱਥੇ ਦੇ ਵਿੱਚ ਪਾਈ...
ਚਾਰ ਚਿਰਾਗ਼ ਤੇਰੇ ਬਲਣ ਹਮੇਸ਼ਾਂ
ਮੈਂ ਪੰਜਵਾਂ ਬਾਲਣ ਆਈ...

—

ਸੋਚਾਂ ਦੇ ਸਰਵਰ ਹੱਥਾਂ ਨੂੰ ਧੋਤਾ
ਮੱਥੇ ਦਾ ਦੀਵਾ ਮੈਂ ਤਲੀਆਂ ਤੇ ਧਰਿਆ
ਤੇ ਰੂਹ ਦੀ ਅੱਗ ਛੁਹਾਈ...
ਚਾਰ ਚਿਰਾਗ਼ ਤੇਰੇ ਬਲਣ ਹਮੇਸ਼ਾਂ
ਮੈਂ ਪੰਜਵਾਂ ਬਾਲਣ ਆਈ...

—

ਤੂੰਹੇਂ ਤਾਂ ਦਿੱਤਾ ਸੀ ਮਿੱਟੀ ਦਾ ਦੀਵਾ
ਮੈਂ ਅੱਗ ਦਾ ਸਗਣ ਉਸੇ ਨੂੰ ਪਾਇਆ
ਤੇ ਅਮਾਨਤ ਮੋੜ ਲਿਆਈ...
ਚਾਰ ਚਿਰਾਗ਼ ਤੇਰੇ ਬਲਣ ਹਮੇਸ਼ਾਂ
ਮੈਂ ਪੰਜਵਾਂ ਬਾਲਣ ਆਈ...

—o—

(ਕਾਗ਼ਜ਼ ਤੇ ਕੈਨਵਸ ਤੋਂ ਧੰਨਵਾਦ ਸਹਿਤ)

1. ਖ਼ੁਸ਼ਕ ਥਲ

ਮੋਹਨ ਸਿੰਘ ਬੈਰੀ

ਦਿਲ ਸਾਡੇ ਦੀ ਧਰਤੀ ਉੱਤੇ,
ਬਿਰਹੋਂ-ਬੀ ਕਿਸ ਪਾਇਆ।
ਔੜਾਂ ਖ਼ੁਸ਼ਕ-ਥਲਾਂ ਦੇ ਅੰਦਰ,
ਹੰਝੂਆਂ ਮੇਘ ਵਰ੍ਹਾਇਆ।

——

ਗ਼ਮ ਦਾ ਜਿਸ ਤੋਂ ਪੌਦਾ ਉੱਗਿਆ,
ਲੱਗਾ ਫੁੱਲ ਨਾ ਕੋਈ।,
ਸੁੰਞੀ ਸਾਡੀ ਆਸ-ਬਗ਼ੀਚੀ,
ਦੂਰ ਤੁਰੀ ਖ਼ੁਸ਼ਬੋਈ।

——

ਉਮਰਾਂ ਮਹਿਕ ਹੰਢਾਵਣ ਖ਼ਾਤਰ,
ਤਰਲੇ ਕੀਤੇ ਭਾਵੇਂ।
ਸ਼ੌਕ ਸਾਡੇ ਦੇ ਲੇਖੀਂ ਆਏ,
ਪਤਝੜ ਦੇ ਪਰਛਾਂਵੇਂ।

——

ਹਰ ਰੁੱਤ ਅੰਦਰ, ਰੰਗ-ਬਰੰਗੇ,
ਲੋਕੀਂ ਚਾਅ ਹੰਢਾਏ।
ਰੰਗ ਵਿਹੂਣੀ ਰੁੱਤ ਅਸਾਡੀ,
ਇਕ ਆਏ, ਇਕ ਜਾਏ।

——

ਕਿਸ ਨੂੰ ਮਨ ਦੀ ਗਾਥਾ ਦੱਸਾਂ,
ਕੌਣ ਜੋ ਪੀੜ ਵੰਡਾਵੇ।
ਕੌਣ ਜੋ ਸਾਡੇ ਦਿਲ ਦਾ ਮਹਿਰਮ,
ਕੌਣ ਜੋ ਅੰਗ ਛੁਹਾਵੇ?

——

ਛਿਣ ਪਲ ਦੀ ਖ਼ੁਸ਼ਬੋਈ ਖ਼ਾਤਰ,
ਢਲਦੇ ਜਾਵਣ ਸਾਏ।
ਧੰਨ ਭਾਗ! ਮੇਰੇ ਦਿਲ ਦੇ ਬਾਗ਼ੀਂ,
ਗ਼ਮ ਰੰਗੀਲੇ ਆਏ।

—o—

2. ਕੁਝ ਕ਼ਤਏ

ਮੁਸ਼ਕਿਲ 'ਚ ਦਿੰਦਾ ਨਾ ਕੋਈ ਸਹਾਰਾ।
ਸੱਚੇ ਦਾ ਭਰਦਾ ਨਾ ਕੋਇ ਹੁੰਗਾਰਾ।
ਕਿਸੇ ਨੇ ਕੀ 'ਬੈਰੀ' ਤਿਰਾ ਸਾਥ ਦੇਣਾ!
ਤਿਰਾ ਸਾਥ ਦਿਊ ਸਦਾ ਸੱਚ ਦਾ ਨਾਹਰਾ।

——

ਮੈਨੂੰ ਜੋ ਲੋਕੀਂ ਨੇ ਬਦਨਾਮ ਕਰਦੇ।
ਬੁਰੇ ਕਰਮ ਉਹੀਓ ਸੁਬ੍ਹਾ-ਸ਼ਾਮ ਕਰਦੇ।
ਬੈਰੀ ਉਨ੍ਹਾਂ ਦੇ ਤੂੰ ਨੇੜੇ ਨਾ ਜਾਵੀਂ!
ਥਾਂ ਥਾਂ ਤੇ ਜਿਹੜੇ ਕੁਹਰਾਮ ਕਰਦੇ।

——

ਸੱਚ ਦੁਨੀਆ ਵਿੱਚ ਵਿਰਲਾ ਮਿਲਦਾ।
ਝੂਠ-ਕੁਫ਼ਰ ਤਾਂ ਥਾਂ ਥਾਂ ਖਿਲਦਾ।
ਸੱਚ ਨੂੰ ਹਰ ਕੋਈ ਨਫ਼ਰਤ ਕਰਦਾ! -
ਝੂਠ ਏਸ ਲਈ ਹਰ ਥਾਂ ਖਿਲਦਾ।

——

ਚਾਰ ਦਿਨ ਦੀ ਜ਼ਿੰਦਗੀ ਮਹਿਮਾਨ ਏ।
ਫਿਰ ਕਿਉਂ? ਬੰਦੇ 'ਚ ਇੰਨਾ ਅਭਿਮਾਨ ਏ।
ਕਰਮ ਚੰਗੇ ਕਰਨੇ ਤੂੰ ਬੈਰੀ, ਸਿੱਖ ਲੈ! -
ਲੋਕ ਆਖਣ ਇਹ ਚੰਗਾ ਇਨਸਾਨ ਏ।

——

ਚਲੋ ਚਲੀ ਦਾ ਮੇਲਾ ਦੁਨੀਆ, ਜਾਣੇ ਕੋਈ ਕੋਈ।
ਦੁੱਖ-ਦਰਦ ਸਭ ਮਿਟ ਜਾਂਦੇ ਨੇ, ਜੇ ਕੋਈ ਉਹਦਾ ਹੋਈ।
ਛੱਡ ਕੇ ਝਗੜੇ-ਝੇੜੇ ਬੰਦਿਆ, ਉਹਦਾ ਹੀ ਤੂੰ ਹੋ ਜਾ!-
ਦੇਖ ਕੇ ਸਭ ਕੁਝ ਅਣਡਿੱਠ ਕਰਦੇ ਬੈਰੀ ਕਰੇ ਅਰਜੋਈ।

——

ਜ਼ਿੰਦਗੀ ਵਿੱਚ ਜੇ ਸੁਖ ਤੂੰ ਪਾਉਣਾ, ਰੰਜ ਨਾ ਲਾਈਂ ਨੇੜੇ।
ਦੁਨੀਆ ਦੇ ਸੱਭ ਝੰਜਟ ਛੱਡ ਕੇ, ਛੱਡਦੇ ਝਗੜੇ ਝੇੜੇ,
ਆਰਾਮ-ਚੈਨ ਨਈਂ ਏ ਮਿਲਣਾ, ਇਸ ਦੁਨੀਆ ਦੇ ਅੰਦਰ!
ਸੁਖ ਮਿਲਦਾ ਇਕਾਂਤ ਦੇ ਅੰਦਰ, ਬਖ਼ਸ਼ੇ ਖ਼ੁਸ਼ੀਆਂ-ਖੇੜੇ।

WZ-68A, ਗਲੀ ਨੰਬਰ 9, ਵਰਿੰਦਰ ਨਗਰ,
ਨਵੀਂ ਦਿੱਲੀ-110058

ਬਾਲ ਕਹਾਣੀ

ਰਾਜੇ ਦੀਆਂ ਬੇਟੀਆਂ

ਤਰਸੇਮ

ਭਾਦੋਂ ਦਾ ਮਹੀਨਾ ਸੀ। ਤਨ-ਮਨ ਨੂੰ ਖਿਝਾਉਣ ਵਾਲੀ ਗਰਮੀ ਪੈ ਰਹੀ ਸੀ। ਇਹ ਉਹੀ ਮਹੀਨਾ ਹੈ ਜਦੋਂ ਜੱਟ ਖੇਤੀ ਛੱਡ ਕੇ ਸਾਧ ਬਣ ਜਾਂਦਾ ਹੈ। ਧੁੱਪ ਕਦੋਂ ਕਪਾਹ ਵਾਂਗ ਖਿੜ ਪਵੇ ਅਤੇ ਕਦੋਂ ਉਹ ਧੁੱਪ ਬੱਦਲਾਂ ਵਿੱਚ ਜਾ ਲੁਕੇ, ਪਤਾ ਹੀ ਨਹੀਂ ਲੱਗਦਾ। ਧੁੱਪ ਬੱਦਲਾਂ 'ਚੋਂ ਝਾਕ ਰਹੀ ਸੀ ਜਿਵੇਂ ਕਹਿ ਰਹੀ ਹੋਵੇ ਝਾ...ਾ...ਤ! ਚਾਣਚੱਕ ਭੂਰ ਪੈਣੀ ਸ਼ੁਰੂ ਹੋ ਗਈ। ਕਦੇ-ਕਦਾਈਂ ਹੀ ਹੁੰਦਾ ਹੈ ਜਦੋਂ ਧੁੱਪ ਵਿੱਚ ਕਣੀਆਂ ਪੈਣ ਲੱਗ ਪੈਣ। ਮੀਂਹ ਪੈਂਦੇ ਹੀ ਬੱਚਿਆਂ ਨੇ ਗਾਉਣਾ ਸ਼ੁਰੂ ਕਰ ਦਿੱਤਾ :

ਧੁੱਪ ਵਿੱਚ ਮੀਂਹ
ਆਹਾ! ਧੁੱਪ ਵਿੱਚ ਮੀਂਹ
ਚੜ੍ਹਿਆ ਗੋਡੇ ਗੋਡੇ ਚਾਅ
ਵਾਹ ਬਈ ਵਾਹ!
ਆਹਾ ਧੁੱਪ ਵਿੱਚ ਮੀਂਹ!
ਬੱਲੇ ਧੁੱਪ ਵਿੱਚ ਮੀਂਹ!

ਦੇਖੋ ਨੀਲੇ ਅਸਮਾਨ ਵਿੱਚ
ਹੁੰਦਾ ਗਿੱਦੜ-ਗਿੱਦੜੀ ਦਾ ਵਿਆਹ
ਆਹਾ ਵਾਹ ਬਈ ਵਾਹ
ਗਿੱਦੜ-ਗਿੱਦੜੀ ਦਾ ਵਿਆਹ!

ਬੱਚਿਆਂ ਨੂੰ ਗਾਉਂਦੇ ਸੁਣ ਕੇ ਸਮਰ ਅਤੇ ਨੂਰ ਘਰ ਦੀ ਦੇਹਲੀ 'ਤੇ ਆ ਖੜ੍ਹੀਆਂ। ਨੂਰ ਡੇਢ ਕੁ ਸਾਲ ਦੀ ਹੈ ਅਤੇ ਸਮਰ ਤਿੰਨ ਸਾਲਾਂ ਦੀ ਹੋਣ ਵਾਲੀ ਹੈ। ਸਮਰ ਬੱਚਿਆਂ ਨੂੰ ਗਾਉਂਦੇ ਵੇਖ ਕੇ ਉਹਨਾਂ ਦੀ ਰੀਸ ਨਾਲ ਨੂਰ ਦਾ ਹੱਥ ਫੜ ਕੇ ਆਪ ਦੇ ਜਣੇ ਗਾਉਂਦੀ ਹੈ :

ਧੁੱਪ ਵਿੱਚ ਮੀਂਹ
ਆਹਾ!
...ਚਰਿਆ ਚਾ
ਬਾਹ, ਬਾਹ

ਨੂਰ ਬੋਲ ਤਾਂ ਬਹੁਤਾ ਨਾ ਸਕਦੀ ਪਰ ਸਮਰ ਪਿੱਛੇ ਤੋਤਲੀ ਜਿਹੀ ਹਾਂ...ਹੂੰ...ਅ...ਆ ਜ਼ਰੂਰ ਕਰਦੀ।

ਵਿਹੜੇ ਵਿੱਚ ਤੁਰੀਆਂ ਫਿਰਦੀਆਂ ਉਹ ਕਿਸੇ ਟੈਡੀਬੀਅਰ ਵਾਂਗ ਲੱਗਦੀਆਂ। ਨੂਰ ਜੋ ਵੀ ਬੋਲਦੀ, ਸੋਹਣੀ ਲੱਗਦੀ। ਇਉਂ ਨੂਰ ਅਤੇ ਸਮਰ ਘਰ ਦਿਆਂ ਦਾ ਖਿਡਾਉਣਾ ਨੇ।

ਆਪਣੇ ਟੀ.ਵੀ. ਚਲਦਾ ਤਾਂ ਨੂਰ ਅਤੇ ਸਮਰ ਦਾ ਤਾਇਆ ਕਹਿੰਦਾ, "ਨੂਰ, ਆ ਜਾ, ਤੇਰਾ ਗਾਣਾ ਆ ਗਿਆ।" ਤਾਂ ਨੂਰ ਠੁੰਮ ਠੁੰਮ ਕਰਕੇ ਆਉਂਦੀ। ਪਹਿਲਾਂ ਤਾਂ ਉਹ ਸੰਗਦੀ ਪਰ ਸਮਰ ਨੂੰ ਨੱਚਦਿਆਂ ਵੇਖ ਕੇ ਉਹ ਵੀ ਨਿੱਕੀਆਂ-ਨਿੱਕੀਆਂ ਬਾਂਹਾਂ ਉੱਚੀਆਂ ਕਰਕੇ ਨੱਚਦੀ। ਨਿੱਕੇ-ਨਿੱਕੇ ਪੈਰਾਂ ਨਾਲ ਨਾਲ ਗੋਲ-ਗੋਲ ਘੁੰਮਦੀ। ਨੂਰ ਦਾ ਤਾਇਆ ਜਾਣ ਕੇ ਟੀ.ਵੀ. ਦਾ ਚੈਨਲ ਬਦਲ ਦਿੰਦਾ ਤਾਂ ਸਮਰ ਰੁੱਸ ਜਾਂਦੀ। ਮੂੰਹ ਫੁਲਾ ਲੈਂਦੀ। ਦੇਖਾਦੇਖੀ ਨੂਰ ਵੀ ਉਵੇਂ ਹੀ ਕਰਦੀ। ਮੈਂ ਮੁੜ ਕੇ ਫੇਰ ਉਹੀ ਚੈਨਲ ਲਾਉਂਦਾ ਤਾਂ ਦੋਵੇਂ ਖ਼ੁਸ਼ ਹੋ ਜਾਂਦੀਆਂ।

ਨੂਰ ਸਮਰ ਦੀ ਪੂਰੀ ਰੀਸ ਕਰਦੀ ਹੈ। ਜਿਵੇਂ ਸਮਰ ਨੱਚਦੀ, ਉਵੇਂ ਨੂਰ ਨੱਚਦੀ। ਜੇ ਸਮਰ ਜਾਣ ਕੇ ਡਿਗਦੀ ਤਾਂ ਨੂਰ ਵੀ ਠਾਹ ਦੇਣੇ ਡਿਗ ਪੈਂਦੀ। ਕਈ ਵਾਰ ਗੋਲ-ਗੋਲ ਘੁੰਮਦੀ ਨੂੰ ਚੱਕਰ ਆ ਜਾਂਦਾ ਤਾਂ ਡਿਗਦੇ-ਡਿਗਦੇ ਮਸਾਂ ਬਚਦੀ।

"ਦੇਖਿਆ ਡਿਗ ਪੀ ਸੀ ਨਾ...ਨਾ ਬੱਸ ਕਰੋ ਸੱਟ ਲੱਗ ਜਾਊ।" ਨੂਰ ਦਾ ਤਾਇਆ ਅਚਾਨਕ ਦੇਖ ਕੇ ਬੋਲਿਆ।

"ਨਹੀਂ ਤੌ ਜੀ ਅਸੀਂ ਡਿਗਦੇ ਨੀ।" ਸਮਰ ਨੱਚਦੇ-ਨੱਚਦੇ ਬੋਲੀ।

"ਨਈਂ ਤਾ ਜੀ..." ਨੂਰ ਸਮਰ ਦੀ ਰੀਸ ਨਾ ਕਰ ਸਕੀ।

(ਸਮਰ ਤਾਏ ਨੂੰ ਤੌ ਜੀ ਆਖਦੀ ਹੈ ਅਤੇ ਨੂਰ ਤਾ ਜੀ ਕਹਿੰਦੀ ਹੈ)

ਗੋਲ -ਗੋਲ ਘੁੰਮਦਿਆਂ ਨੂਰ ਨੂੰ ਘੁਮੇਰ ਆ ਗਈ ਤਾਂ

ਉਹ ਬਾਰੀ 'ਚ ਜਾ ਵੱਜੀ। ਨੂਰ ਰੋਣ ਲੱਗੀ ਤਾਂ ਉਸ ਦੇ ਪਾਪਾ ਨੇ ਚੁੱਕ ਲਿਆ, "ਤੈਨੂੰ ਕਿਹਾ ਸੀ ਨਾ ਗੋਲ-ਗੋਲ ਘੁੰਮੋਗੇ ਤਾਂ ਚੱਕਰ ਆ ਜਾਊਗਾ..."

"ਆਹ ਦੇਖ ਨੂਰ, ਕੀੜੀ ਦਾ ਆਟਾ ਡੋਲ੍ਹ ਤਾ..ਆਏ-ਹਾਏ, ਹੁਣ ਤੈਨੂੰ ਕੀੜੀ ਕੁੱਟੂਗੀ।" ਨੂਰ ਦੇ ਤਾਏ ਨੇ ਨੂਰ ਨੂੰ ਫੜਦਿਆਂ ਕਿਹਾ।

"ਤਿੱਥੇ ਐ ਤੀਰੀ..." ਨੂਰ ਰੋਣਾ ਭੁੱਲ ਕੇ ਕੀੜੀ ਨੂੰ ਲੱਭਣ ਲੱਗੀ।

"ਤੇਰੇ ਪਾਪਾ ਦੀ ਜੇਬ 'ਚ...।" ਨੂਰ ਦੇ ਪਾਪਾ ਨੂੰ ਉਦਾਸ ਜਿਹਾ ਦੇਖ ਕੇ ਤਾਇਆ ਜੀ ਨੇ ਕਿਹਾ, "ਇਹ ਉਹੀ ਕੁੜੀ ਐ ਨਾ ਛੋਟਿਆ, ਜਿਸ ਦੇ ਜੰਮਣ ਦੀ ਖ਼ਬਰ ਸੁਣ ਕੇ ਤੈਂ ਪਹਾੜ ਜਿੱਡਾ ਹਉਕਾ ਲੈਂਦਿਆਂ ਕਿਹਾ ਸੀ, 'ਉਹੋ! ਕੁੜੀ ਆ ਗਈ...।"

"ਹਾਂ ਵੀਰ ਜੀ! ਮੈਂ ਆਖਿਆ ਸੀ ਪਰ ਉਹ ਮੇਰਾ ਭੁਲੇਖਾ ਸੀ।" ਨੂਰ ਦੇ ਪਾਪਾ ਨੇ ਨੂਰ ਵੱਲ ਦੇਖਦਿਆਂ ਕਿਹਾ।

ਸਮਰ ਨੂਰ ਦੀ ਉਂਗਲ ਫੜ ਕੇ ਵਿਹੜੇ 'ਚ ਲੈ ਆਈ। ਇਕ ਦੂਜੀ ਦਾ ਹੱਥ ਫੜ ਕੇ ਗੋਲ-ਗੋਲ ਘੁੰਮਦੀਆਂ ਗਾਉਣ ਲੱਗੀਆਂ। ਪਹਿਲਾਂ ਸਮਰ ਬੋਲਦੀ :

ਗੋਲ ਗੋਲ ਪਾਣੀ
ਮੇਰੀ ਮੰਮੀ ਰਾਣੀ

ਪਿੱਛੇ ਨੂਰ ਬੋਲਦੀ :

ਗੋ ਗੋ ਮਾਨੀ
ਮੇਲੀ ਮੰਮੀ ਲਾਨੀ

ਫੇਰ ਸਮਰ ਬੋਲਦੀ :

ਫਲ ਖਾਓ ਤਾਜਾ
ਮੇਰੇ ਪਾਪਾ ਰਾਜਾ

ਪਿੱਛੇ ਨੂਰ ਬੋਲਦੀ :

ਫ ਖਾ ਤਾ
ਮੇਲੇ ਪਾਪਾ ਲਾਜਾ...

ਇਉਂ ਕਿੰਨਾ ਚਿਰ ਉਹ ਇਕ ਦੂਜੀ ਦਾ ਹੱਥ ਫੜ ਕੇ ਗੋਲ-ਗੋਲ ਘੁੰਮਦੀਆਂ ਗਾਉਂਦੀਆਂ ਰਹੀਆਂ। ਕਦੇ-ਕਦੇ ਘੁਮੇਰ ਆ ਜਾਂਦੀ ਤਾਂ ਦੋਵੇਂ ਖੜ੍ਹ ਜਾਂਦੀਆਂ।

"ਬੱਸ ਕਰੋ ਨੀ, ਗਿਰ ਜਾਉਂਗੀਆਂ।" ਕੁੜੀਆਂ ਦੀ ਤਾਈ ਨੇ ਤੇਜ਼-ਤੇਜ਼ ਘੁੰਮਦੀਆਂ ਨੂੰ ਕਿਹਾ।

"ਨਹੀਂ ਭਾਗਵਾਨੇ, ਇਹ ਨੀ ਗਿਰਦੀਆਂ। ਇਹ ਤਾਂ ਬਹਾਦਰ ਧੀਆਂ ਨੇ...।" ਤਾਇਆ ਜੀ ਨੇ ਐਨਕ ਹੇਠੋਂ ਅੱਖਾਂ ਪੂੰਝਦਿਆਂ ਕਿਹਾ।

ਉਹਨਾਂ ਦੇ ਤੋਤਲੇ ਜਿਹੇ ਗੀਤਾਂ ਨਾਲ ਵਿਹੜਾ ਭਰ ਗਿਆ।

ਬੀ-IV/814, ਦਸਮੇਸ਼ ਗਲੀ,
ਨਜ਼ਦੀਕ ਗਾਂਧੀ ਆਰੀਆ ਹਾਈ ਸਕੂਲ,
ਬਰਨਾਲਾ-148101 (ਪੰਜਾਬ)

ਰੁੱਖ/ਰਮਨਦੀਪ ਗਿੱਲ

ਰੁੱਖਾਂ ਨਾਲ ਕਰੋ ਪਿਆਰ,
ਰੁੱਖ ਨੇ ਸਾਡੇ ਬੇਲੀ ਯਾਰ।

ਰੁੱਖਾਂ ਬਿਨਾਂ ਅਧੂਰਾ ਜੀਵਨ,
ਰੁੱਖਾਂ ਨਾਲ ਹੀ ਪੂਰਾ ਜੀਵਨ।

ਰੁੱਖ ਤਾਜ਼ੀ ਹਵਾ ਨੇ ਦਿੰਦੇ,
ਰੁੱਖਾਂ ਤੇ ਘਰ ਪਾਉਣ ਪਰਿੰਦੇ।

ਰੁੱਖਾਂ ਨਾਲ ਹੈ ਹਰਿਆਲੀ,
ਤੋਹਫ਼ੇ ਦਿੰਦੇ ਹਾੜ੍ਹ-ਸਿਆਲੀ।

ਰੁੱਖ ਹੁੰਦੇ ਨੇ ਮਾਂਵਾਂ ਵਰਗੇ,
ਸਕਿਆਂ ਭੈਣ-ਭਰਾਵਾਂ ਵਰਗੇ।

ਰੁੱਖਾਂ ਨੂੰ ਨਾ ਜਾਨੋਂ ਮਾਰੋ,
ਰੁੱਖਾਂ ਦੇ ਨਾਲ ਧਰਤ ਸ਼ਿੰਗਾਰੋ।

ਰੁੱਖ ਦਿੰਦੇ ਨੇ ਮਿੱਠੇ ਮੇਵੇ,
ਬੰਦਾ ਰੁੱਖ ਨੂੰ ਪਾਣੀ ਦੇਵੇ।

ਰੁੱਖ ਮੀਂਹ ਲਿਆਉਂਦੇ ਨੇ,
ਧਰਤੀ ਖੁਰਨੋਂ ਬਚਾਉਂਦੇ ਨੇ।

ਵੱਧ ਤੋਂ ਵੱਧ ਰੁੱਖ ਲਗਾਉ,
'ਰਮਨ' ਆਪਣਾ ਫ਼ਰਜ਼ ਨਿਭਾਉ।

—o—

ਪਿੰਡ ਤੇ ਡਾਕਖਾਨਾ : ਘੱਲ ਕਲਾਂ,
ਜ਼ਿਲ੍ਹਾ ਮੋਗਾ (ਪੰਜਾਬ)

ਦੋ ਬਾਲ ਕਵਿਤਾਵਾਂ

ਪ੍ਰੋ. ਸੁਲੱਖਣ ਮੀਤ

1. ਸਾਵਣ ਦੀ ਰੁੱਤ

ਸਾਵਣ ਦੀ ਰੁੱਤ ਆਈ ਜਦ।
ਕਾਲੀ ਬਦਲੀ ਛਾਈ ਤਦ।

ਸੁਣ ਕੇ ਬੱਦਲਾਂ ਦੀ ਘਨਘੋਰ,
ਚਾਰੇ ਪਾਸੇ ਕੂਕਣ ਮੋਰ।

ਸੁਖ ਦਾ ਸਾਹ ਲੋਕਾਂ ਨੇ ਲੀਤਾ,
ਸ਼ੁਕਰ ਖ਼ੁਦਾ ਦਾ ਸਭਨਾਂ ਕੀਤਾ।

ਬਲਦ ਤੇ ਗਾਂਵਾਂ ਭੂਸਰ ਗਈਆਂ,
ਚਾਮ੍ਹਲ ਗਈਆਂ ਕੱਟੀਆਂ ਮਹੀਆਂ।

ਲੋਕੀਂ ਸਾਂਭਣ ਚੀਜ਼ਾਂ ਵਸਤਾਂ,
ਐਪਰ ਬੱਚੇ ਕਰਦੇ ਇੱਲਤਾਂ।

ਇਕਦਮ ਬੱਦਲ ਭਰਿਆ ਭਾਰਾ,
ਧੋਤਾ ਗਿਆ ਚੁਫੇਰਾ ਸਾਰਾ।

ਐਸੇ ਚੱਲੇ ਭਰ ਪਤਨਾਲ਼ੇ,
ਖੜ੍ਹਿਆ ਪਾਣੀ ਘਰਾਂ ਦੁਆਲੇ।

ਬੱਚੇ ਨ੍ਹਾਉਂਦੇ ਪਾਣੀ ਵਿੱਚ,
ਮਾਪੇ ਨੂੰ ਉਹ ਸਮਝਣ ਟਿੱਚ।

ਉੱਚੇ ਨੀਵੇਂ ਖੜ੍ਹਿਆ ਪਾਣੀ,
ਡੱਡੂਆਂ ਦੀ ਹੈ ਗਾਉਂਦੀ ਢਾਣੀ।

ਚੀਚ ਵਹੁਟੀਆਂ ਹਰ ਥਾਂ ਦਿੱਸਣ,
ਸਿਰਾਂ ਦੇ ਉੱਤੇ ਬਗਲੇ ਉੱਡਣ।

ਦੱਬ ਗਈ ਮਿੱਟੀ, ਮੋਈ ਲੋਅ,
ਬੱਦਲਾਂ ਦਿੱਤੀ ਗਰਮੀ ਧੋ।

—o—

2. ਆ ਜਾ ਬੱਦਲਾ

ਤੈਨੂੰ ਅਰਜ਼ ਕਰਾਂ ਮੈਂ ਬੱਦਲਾ।
ਕਿਉਂਕਿ ਹੁਣ ਮੈਂ ਵੱਡਾ ਬੱਚਾ।

ਆਖਾਂ ਆ ਜਾ ਕਰ ਦੇ ਛਾਂ,
ਮੱਝ ਹੌਂਕਦੀ ਹੌਂਕੇ ਗਾਂ।

ਵਰ੍ਹ ਜਾ ਬੱਦਲਾ, ਲੈ ਆ ਸਾਉਣ,
ਬਾਲ ਗੌਣਗੇ ਤੇਰੇ ਗੌਣ।

ਬੱਦਲਾ ਆਪਣਾ ਆਪ ਵਰ੍ਹਾ ਦੇ,
ਧਰਤੀ ਵਿਚਲੀ ਤਪਸ਼ ਮਿਟਾ ਦੇ।

ਬੱਦਲਾ! ਡੱਡੂ ਬੋਲਣ ਲਾ ਦੇ,
ਗਿੱਲ ਮਿੱਟੀ ਦੀ ਮੋੜ ਲਿਆ ਦੇ।

ਬੱਦਲਾ! ਕਰ ਦੇ ਧਰਤੀ ਸਾਵੀ,
ਭਰੀਂ ਬਿਆਸ ਤੇ ਭਰ ਦੇ ਰਾਵੀ।

ਜੇ ਵਰ੍ਹਿਉਂ ਤਨ ਠਾਰ ਲਵਾਂਗੇ,
ਆਪਣੀ ਪਿੱਤ ਵੀ ਮਾਰ ਲਵਾਂਗੇ।

ਬੱਦਲਾ! ਬਰਸ ਦਿਖਾ ਦੇ ਪੀਰੀ,
ਅਜੇ ਤਾਂ ਜੱਟਾਂ ਲਾਉਣੀ ਜੀਰੀ।

ਬੱਦਲਾ! ਆ ਕੇ ਪੀਂਘ ਪਵਾ,
ਪੇਕੀਂ ਧੀ ਤੇ ਭੈਣ ਬੁਲਾ।

ਬਰਸੇਂ ਤਾਂ ਖ਼ੁਸ਼ ਹੋਣ ਨਿਆਣੇ,
ਉਨ੍ਹਾਂ ਗੁਲਗੁਲੇ, ਪੂੜੇ ਖਾਣੇ।

ਬੱਦਲਾ! ਹੁਣ ਨਾ ਕਰ ਤੂੰ ਦੇਰੀ,
ਕਰੇ ਉਡੀਕ ਪਪੀਹਾ ਤੇਰੀ।

ਵਰ੍ਹ ਜਾ ਬੱਦਲਾ, ਲੈ ਆ ਸਾਉਣ,
ਬਾਲ ਤੇ ਬੁੱਢੇ ਗੌਣਗੇ ਗੌਣ।

1, ਦਸਮੇਸ਼ ਨਗਰ, ਸੰਗਰੂਰ-148001

5 ਰੁਬਾਈਆਂ

ਪ੍ਰਿੰ. ਨਵਰਾਹੀ ਘੁਗਿਆਣਵੀ

1

ਕਈਆਂ ਦਾ ਕਿਰਦਾਰ ਵੇਖ ਕੇ, ਦੁੱਖ ਹੋਵੇ, ਰੋਹ ਚੜ੍ਹਦਾ।
ਜਿੱਥੇ ਦਿਲੀ ਮੁਹੱਬਤ ਹੋਵੇ, ਉੱਥੇ ਕਾਹਦਾ ਪੜਦਾ?
ਜ਼ਿੰਦਗੀ ਇਕ ਦਰਿਆ ਦੇ ਵਾਂਙੂੰ ਅੱਗੇ ਵਧਦੀ ਜਾਵੇ।
'ਨਵਰਾਹੀ' ਕਮਜ਼ੋਰ ਆਦਮੀ, ਚੰਗੀ ਗੱਲ ਤੇ ਸੜਦਾ।

2

ਬਾਗ਼ਾਂ ਦੇ ਵਿੱਚ ਅੰਬ ਲੱਗੇ ਨੇ, ਖੇਤਾਂ ਦੇ ਵਿੱਚ ਗੰਨੇ।
ਦੋਨਾਂ ਦੀ ਸੰਭਾਲ ਜ਼ਰੂਰੀ, ਜੇ ਕੋਈ ਸੱਚੀ ਮੰਨੇ।
ਦੋਨਾਂ ਵਿੱਚੋਂ ਰਸ ਚੋਂਦਾ ਹੈ, ਦੋਨੋਂ ਅਹਿਮ ਪਦਾਰਥ;
'ਨਵਰਾਹੀ' ਜੋ ਰਮਜ਼ ਸਮਝਦੇ, ਭਰ ਭਰ ਪੀਵਣ ਛੰਨੇ।

3

ਸਭ ਕੁਝ ਏਥੇ ਰਹਿ ਜਾਣਾ ਹੈ, ਬੰਦਾ ਕਿਉਂ ਨਾ ਸੋਚੇ।
ਬਿਨ ਮਤਲਬ ਹੀ ਰਹੇ ਖਹੁਜਦਾ, ਤੜਪੇ, ਲੁੱਛੇ, ਲੋਚੇ।
ਮੂਰਖ ਨੂੰ ਸਮਝਾਉਣਾ ਔਖਾ, ਸਿੱਧੇ ਰਸਤੇ ਪਾਉਣਾ ਔਖਾ;
'ਨਵਰਾਹੀ' ਕੋਈ ਸੂਝਵੰਤ ਹੀ, ਸੰਭਲੇ, ਪੱਲੂ ਬੋਚੇ।

4

ਹਰਦਮ ਦੇਣ ਦਿਲਾਸਾ ਮੈਨੂੰ, ਕਵਿਤਾ ਤੇ ਗੁਰਬਾਣੀ।
ਜਿਵੇਂ ਕਿਸੇ ਨੂੰ ਤਪਦੇ ਥਲ ਵਿੱਚ, ਮਿਲੇ ਪੀਣ ਨੂੰ ਪਾਣੀ।
ਰੂਹ ਮੇਰੀ ਨੂੰ ਸ਼ਕਤੀ ਮਿਲਦੀ, ਜਸ ਫੈਲੇ, ਸੁਖ ਹੋਵੇ;
'ਨਵਰਾਹੀ' ਸ਼ੁਭ ਨੀਤਾਂ ਦੇ ਲਈ, ਹਰ ਇਕ ਘੜੀ ਸੁਹਾਣੀ।

5

ਗੁਰਮੁਖ ਦੀ ਪਹਿਚਾਣ ਹੈ ਏਹੀ, ਉਹ ਸਭਨਾਂ ਦਾ ਸੁਖ ਚਾਹੁੰਦਾ।
ਲੱਗਦੀ ਵਾਹ ਉਹ ਕਦੇ ਕਿਸੇ ਦਾ, ਦਿਲ ਨਾ ਮੂਲ ਦੁਖਾਉਂਦਾ।
ਹਰ ਵੇਲੇ ਕੁਝ ਕਰਦਾ ਰਹਿੰਦਾ, ਨਹੀਂ ਬੋਲਦਾ ਵਾਧੂ;
'ਨਵਰਾਹੀ' ਸ਼ੁਭ ਅਮਲਾਂ ਰਾਹੀਂ, ਹਰ ਇਕ ਨੂੰ ਭਰਮਾਉਂਦਾ।

ਨਹਿਰ ਨਜ਼ਾਰਾ, ਨਵਾਂ ਹਰਿੰਦਰ ਨਗਰ, ਫਰੀਦਕੋਟ-151203